# ਜ਼ਿਲ੍ਹਾ ਪ੍ਰੀਸ਼ਦ ਦੇ ਚੁਣੇ ਹੋਏ ਪ੍ਰਤੀਨਿਧਾਂ ਅਤੇ ਕਰਮਚਾਰੀਆਂ ਦੇ ਸਮਰੱਥਾ ਨਿਰਮਾਣ ਸਬੰਧੀ ਮਾਰਗ ਦਰਸ਼ਿਕਾ



ਪੰਚਾਇਤੀ ਰਾਜ

ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ (SIRD), ਪੰਜਾਬ ਸਰਕਾਰ

ਅਤੇ

ਦਿਹਾਤੀ ਅਤੇ ਸਨਅਤੀ ਵਿਕਾਸ ਖੋਜ ਸੰਸਥਾ (CRRID), ਚੰਡੀਗੜ੍ਹ

# ਵਿਸ਼ਾ-ਵਸਤੂ


| ਲੜੀ ਨੰਬਰ | | ਪੰਨਾ ਨੰਬਰ |
|---|---|---|
| 1) | ਜ਼ਿਲਾ ਪ੍ਰੀਸ਼ਦ - ਮੁੱਢਲੀ ਜਾਣਕਾਰੀ | 1 |
| 2) | ਜਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੇ ਅਖਤਿਆਰ, ਕਾਰਜ ਅਤੇ ਕਰਤੱਵ | 2 |
| 3) | ਜਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਮੁੱਖ ਕਾਰਜਕਾਰੀ ਅਫਸਰ ਦੇ ਵਿਸ਼ੇਸ਼ ਅਖਤਿਆਰ | 3 |
| 4) | ਜ਼ਿਲ੍ਹਾ ਪ੍ਰੀਸ਼ਦ ਦੀਆਂ ਮੀਟਿੰਗਾਂ | 3 |
| 5) | ਜ਼ਿਲ੍ਹਾ ਪ੍ਰੀਸ਼ਦ ਦੇ ਕੰਮ ਤੇ ਕਰਤਵ | 4 |
| 6) | ਜ਼ਿਲ੍ਹਾ ਪ੍ਰੀਸ਼ਦ ਦੇ ਕਰਤੱਵ ਅਤੇ ਅਖਤਿਆਰ | 5 |
| 7) | ਰਾਜ ਸਰਕਾਰ ਦੇ ਆਮ ਜਾਂ ਵਿਸ਼ੇਸ਼ ਹੁਕਮਾਂ ਅਧੀਨ ਜ਼ਿਲ੍ਹਾ ਪ੍ਰੀਸ਼ਦ | 6 |
| 8) | ਜ਼ਿਲ੍ਹਾ ਪ੍ਰੀਸ਼ਦ ਦੀਆ ਸਥਾਈ ਕਮੇਟੀਆਂ | 7 |
| 9) | ਜ਼ਿਲ੍ਹਾ ਪ੍ਰੀਸ਼ਦ ਦੀਆਂਸਥਾਈ ਕਮੇਟੀਆਂ ਦੇ ਕਾਰਜ | 7 |
| 10) | ਜ਼ਿਲ੍ਹਾ ਪ੍ਰੀਸ਼ਦ ਦੇ ਫੰਡ | 8 |
| 11) | ਜ਼ਿਲ੍ਹਾ ਪ੍ਰੀਸ਼ਦ ਦੁਆਰਾ ਕਰ ਲਗਾਉਣ ਦੀ ਉਪਾਓ ਧਾਰਾ | 9 |
| 12) | ਜ਼ਿਲ੍ਹਾ ਪ੍ਰੀਸ਼ਦ ਦਾ ਸਲਾਨਾ ਬੱਜਟ | 10 |
| 13) | ਜ਼ਿਲ੍ਹਾ ਪ੍ਰੀਸ਼ਦ ਦੇ ਲੇਖਿਆਂ ਦੇ ਆਡਿਟ | 10 |
| 14) | ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਅਫਸਰ ਦੇ ਕੰਮਕਾਰ | 10 |
| 15) | ਪੰਚਾਇਤ ਦੇ ਮਤਿਆਂ ਨੂੰ ਰੱਦ ਜਾਂ ਮਨਸੂਖ ਕਰਨ ਦੇ ਅਖਤਿਆਰ | 11 |
| 16) | ਪੰਚਾਇਤ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ ਧਾਰਾ | 13 |

# ਜ਼ਿਲਾ ਪ੍ਰੀਸ਼ਦ - ਮੁੱਢਲੀ ਜਾਣਕਾਰੀ

ਪੰਚਾਇਤੀ ਰਾਜ ਸੰਸਥਾਵਾਂ ਦੇ ਤਿੰਨ ਪੱਧਰੀ ਢਾਂਚੇ ਦਾ ਸਭ ਤੋਂ ਉੱਪਰਲਾ ਪੱਧਰ ਜ਼ਿਲਾ ਪ੍ਰੀਸ਼ਦ ਹੈ ਜੋ ਜ਼ਿਲ੍ਹਾ ਪੱਧਰ ਤੇ ਬੈਠ ਕੇ ਤਿੰਨ ਪੱਧਰ ਤੇ ਪੰਚਾਇਤਾਂ ਦੇ ਕੰਮਕਾਜ ਦੀ ਨਿਗਰਾਨੀ ਕਰਦੀ ਹੈ ।

## ਬਣਤਰ

## (ਧਾਰਾ 162)

(1) ਹਰੇਕ ਜ਼ਿਲ੍ਹਾ ਪ੍ਰੀਸ਼ਦ ਹੇਠ ਲਿਖਿਆ ਤੇ ਆਧਾਰਿਤ ਹੋਵੇਗੀ।

ੳ) ਜ਼ਿਲ੍ਹੇ ਵਿਚਲੇ ਖੇਤਰੀ ਹਲਕਿਆਂ ਤੋਂ ਸਿੱਧੇ ਚੁਣੇ ਗਏ ਮੈਂਬਰ, ਹਰੇਕ ਹਲਕੇ ਦਾ ਇੱਕ ਮੈਂਬਰ ਚੁਣਿਆ ਜਾਵੇਗਾ।

ਅ) ਪੰਚਾਇਤ ਸਮਿਤੀਆਂ ਦੇ ਸਾਰੇ ਚੇਅਰਮੈਨ।

ੲ) ਲੋਕ ਸਭਾ ਅਤੇ ਰਾਜ ਵਿਧਾਨ ਸਭਾ ਦੇ ਮੈਂਬਰ ਜਿਹੜੇ ਢੁਸ ਜ਼ਿਲ੍ਹੇ ਦੇ ਪੂਰੇ ਜਾਂ ਇੰਕ ਖੇਤਰ ਦੀ ਨੁਮਾਇੰਦਗੀ ਕਰਦੇ ਹੋਣ ਜਿੱਥੇ ਕਿ ਉਨ੍ਹਾਂ ਦੇ ਲੋਕ ਸਭਾ ਹਲਕੇ ਜਾਂ ਵਿਧਾਨ ਸਭਾ ਹਲਕੇ ਜਿਹੋ-ਜਿਹਾ ਵੀ ਕੇਸ ਹੋਵੇ, ਦਾ ਵੱਡਾ ਖੇਤਰ ਪੈਂਦਾ ਹੋਵੇ।

ਸ) ਰਾਜ ਸਭਾ ਦਾ ਮੈਂਬਰ ਅਤੇ ਰਾਜ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਜੇਕਰ ਕੋਈ ਹੋਣ ਅਤੇ ਰਾਜ ਦੇ ਜਿਸ ਜ਼ਿਲ੍ਹੇ ਵਿੱਚ ਵੋਟਰ ਰਜਿਸਟਰ ਹੋਣ।

2) ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਮੈਂਬਰ, ਭਾਵੇਂ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਇਲਾਕਾਈ ਹਲਕਿਆਂ ਵਿੱਚੋਂ ਚੁਣੇ ਹੋਏ ਜਾਂ ਨਾ, ਨੂੰ ਜ਼ਿਲ੍ਹਾ ਪ੍ਰੀਸ਼ਦ ਦੀ ਮੀਟਿੰਗ ਵਿੱਚ ਵੋਟ ਦੇਣ ਦਾ ਹੱਕ ਹੋਵੇਗਾ।

**ਜ਼ਿਲਾ ਪ੍ਰੀਸ਼ਦ ਦੇ ਚੁਣੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਨਿਸ਼ਚਿਤ ਕਰਨਾ:** -ਜ਼ਿਲਾ ਪ੍ਰੀਸ਼ਦ ਦੀ ਵਸੋਂ ਪੰਜ ਲੱਖ ਤੋਂ ਵੱਧ ਨਾ ਹੋਵੇ, ਸਿੱਧੇ ਚੁਣੇ ਗਏ ਘੱਟੋ ਘੱਟ ਦੱਸ ਮੈਂਬਰ ਹੋਣਗੇ । ਇਸ ਤਰ੍ਹਾਂ ਇੱਕ ਜ਼ਿਲ੍ਹਾ ਪ੍ਰੀਸਦ ਮੈਬੰਰ ਪੰਜਾਹ ਹਜ਼ਾਰ ਤੱਕ ਦੀ ਵਸੋਂ ਦੀ ਪ੍ਰਤੀਨਿਧਤਾ ਕਰੇਗਾ । ਵਸੋਂ ਦੇ ਪੰਜ ਲੱਖ ਤੋਂ ਵੱਧ ਹੋਣ ਦੀ ਸੂਰਤ ਵਿੱਚ ਮੈਬਰਾਂ ਦੀ ਗਿਣਤੀ ਵਸੋਂ ਦੇ ਅਨੁਪਾਤ ਅਨੁਸਾਰ ਪੱਚੀ ਤੋਂ ਵੱਧ ਨਹੀਂ ਹੋ ਸਕੇਗੀ ।

## ਜ਼ਿਲ੍ਹਾ ਪ੍ਰੀਸ਼ਦ ਦੀ ਮਿਆਦ

## (ਧਾਰਾ 166)

(1) ਹਰੇਕ ਜ਼ਿਲ੍ਹਾ ਪ੍ਰੀਸ਼ਦ ਸਿਵਾਏ ਇਸ ਦੇ ਕੇ ਇਸ ਐਕਟ ਵਿੱਚ ਹੋਰ ਵਿਵਸਥਾ ਨਾ ਕੀਤੀ ਗਈ ਹੋਵੇ, ਧਾਰਾ 168 ਵਿੱਚ ਦਰਜ ਅਨੁਸਾਰ ਪਹਿਲੀ ਮੀਟਿੰਗ ਲਈ ਤੈਅ ਕੀਤੀ ਗਈ ਮਿਤੀ ਤੋਂ ਪੰਜ ਸਾਲਾਂ ਲਈ ਕੰਮ ਕਰੇਗੀ ਅਤੇ ਇਸ ਤੋਂ ਬਾਅਦ ਨਹੀਂ।

(2) ਸਮੇਂ ਅਨੁਸਾਰ ਲਾਗੂ ਕਿਸੇ ਕਾਨੂੰਨ ਦੀ ਕਿਸੇ ਤਰਮੀਮ ਨਾਲ , ਕੋਈ ਜ਼ਿਲ੍ਹਾ ਪ੍ਰੀਸ਼ਦ ਜੋ ਅਜਿਹੀ ਤਰਮੀਮ ਤੋਂ ਤੁਰੰਤ ਪਹਿਲਾਂ ਕੰਮ ਕਰ ਰਹੀ ਹੋਵੇ, ਉੱਪ ਧਾਰਾ (1) ਵਿੱਚ ਨਿਸ਼ਚਿਤ ਇਸ ਦੀ ਮਿਆਦ ਦੇ ਖ਼ਤਮ ਹੋਣ ਤੱਕ ਭੰਗ ਨਹੀਂ ਕੀਤੀ ਜਾਵੇਗੀ।

(3) ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਹੇਠ ਲਿਖੇ ਅਨੁਸਾਰ ਮੁਕੰਮਲ ਕੀਤੀ ਜਾਵੇਗੀ:

(ੳ) ਉੱਪ ਧਾਰਾ (1) ਵਿੱਚ ਨਿਸ਼ਚਿਤ ਕੀਤੀ ਗਈ ਮਿਆਦ ਦੇ ਖ਼ਤਮ ਹੋਣ ਤੋਂ ਪਹਿਲਾਂ;

(ਅ) ਭੰਗ ਕੀਤੇ ਜਾਣ ਦੀ ਸੂਰਤ ਵਿੱਚ, ਭੰਗ ਕੀਤੀ ਜਾਣ ਦੀ ਮਿਤੀ ਤੋਂ ਛੇ ਮਹੀਨਿਆਂ ਦੇ ਸਮੇਂ ਦੇ ਖ਼ਤਮ ਹੋਣ ਤੋਂ ਪਹਿਲਾਂ।

ਸ਼ਰਤ ਇਹ ਹੈ ਕਿ ਜਦੋਂ ਬਾਕੀ ਰਹਿੰਦਾ ਸਮਾਂ, ਜਿਸ ਲਈ ਜ਼ਿਲ੍ਹਾ ਪ੍ਰੀਸ਼ਦ ਨੇ ਆਪਣੇ ਅਹੁੱਦੇ ਤੇ ਰਹਿਣਾ ਸੀ, ਛੇ ਮਹੀਨਿਆਂ ਤੋਂ ਘੱਟ ਹੋਵੇ ਤਾਂ ਅਜਿਹੇ ਸਮੇਂ ਲਈ ਜ਼ਿਲ੍ਹਾ ਪ੍ਰੀਸ਼ਦ ਦੀ ਕਾਇਮੀ ਲਈ ਇਸ ਕਲਾਜ਼ ਹੇਠ ਕੋਈ ਚੋਣ ਕਰਵਾਉਣੀ ਨਹੀਂ ਹੋਵੇਗੀ।

(4) ਕਿਸੇ ਜ਼ਿਲ੍ਹਾ ਪ੍ਰੀਸ਼ਦ ਨੂੰ ਉਸ ਦੀ ਮਿਆਦ ਰਹਿੰਦਿਆਂ ਭੰਗ ਕੀਤੇ ਜਾਣ ਤੇ ਉਸਦੀ ਥਾਂ ਕਾਇਮ ਕੀਤੀ ਗਈ ਜ਼ਿਲ੍ਹਾ ਪ੍ਰੀਸ਼ਦ ਕੇਵਲ ਉਨੇ ਸਮੇਂ ਲਈ ਜਾਰੀ ਰਹੇਗੀ ਜਿੰਨਾ ਸਮਾਂ ਕਿ ਭੰਗ ਹੋਈ ਜ਼ਿਲ੍ਹਾ ਭੰਗ ਨਾ ਹੋਣ ਦੀ ਸੂਰਤ ਵਿੱਚ (1) ਅਧੀਨ ਜਾਰੀ ਰਹਿੰਦੀ।

## ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਉਪ-ਚੇਅਰਮੈਨ ਦੀ ਚੋਣ

### (ਧਾਰਾ 168)

ਸਬੰਧਤ ਡਿਪਟੀ ਕਮਿਸ਼ਨਰ ਜਾਂ ਉਸ ਦੁਆਰਾ ਇਸ ਸਬੰਧ ਵਿੰਚ ਨਿਯੁਕਤ ਕੀਤਾ ਗਿਆ ਕੋਈ ਅਫਸ਼ਰ ਜਿਸ ਦਾ ਅਹੁੱਦਾ ਵਧੀਕ ਸਹਾਇਕ ਕਮਿਸ਼ਨਰ ਦੇ ਅਹੁੱਦੇ ਤੋਂ ਘੱਟ ਨਾ ਹੋਵੇ, ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਮੈਂਬਰਾਂ ਦੇ ਨੋਟੀਫਾਈ ਹੋਣ ਤੋਂ ਜਿੰਨੀ ਛੇਤੀ ਹੋ ਸਕੇ ਨਿਸ਼ਚਿਤ ਢੰਗ ਵਿੱਚ ਸਿੱਧੇ ਚੁਣੇ ਗਏ ਜ਼ਿਲ੍ਹਾ ਪ੍ਰੀਸ਼ਦੇ ਦੇ ਸਾਰੇ ਮੈਂਬਰਾਂ ਅਤੇ ਜ਼ਿਲ੍ਹੇ ਦੀਆਂ ਪੰਚਾਇਤ ਸਮਿਤੀਆਂ ਦੇ ਚੇਅਰਮੈਲਾਂ ਵਿੱਚੋਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਲ ਅਤੇ ਉਪ-ਚੇਅਰਮੈਨ ਦੇ ਸਮਿਤੀਆਂ ਦੇ ਚੇਅਰਮੈਨਾਂ ਵਿੱਚੋਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਉੱਪ-ਚੇਅਰਮੈਨ ਦੇ ਅਹੁਦਿਆਂ ਦੀ ਚੋਣ ਕਰਨ ਲਈ ਪਹਿਲੀ ਮੀਟਿੰਗ ਬੁਲਾਏਗਾ।

## ਜਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਦੇ ਅਖਤਿਆਰ, ਕਾਰਜ ਅਤੇ ਕਰਤੱਵ

### (ਧਾਰਾ 172)

(1) ਚੇਅਰਮੈਨ :

(ੳ) ਜਿਲ੍ਹਾਂ ਪ੍ਰੀਸ਼ਦ ਦੀਆਂ ਮੀਟਿੰਗਾਂ ਨੂੰ ਬੁਲਾਵੇਗਾ ਅਤੇ ਉਹਨਾਂ ਦੀ ਪ੍ਰਧਾਨਗੀ ਕਰੇਗਾ ਅਤੇ ਉਹਨਾਂ ਨੂੰ ਚਲਾਵੇਗਾ।

(ਅ) ਅਜਿਹੇ ਸਾਰੇ ਫਰਜ਼ ਨਿਭਾਏਗਾ ਅਤੇ ਸਾਰੇ ਫਰਜ਼ਾਂ ਦੀ ਵਰਤੋਂ ਕਰੇਗਾ ਜਿਹੜੇ ਉਸ ਨੂੰ ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਸੌਂਪੇ ਜਾਣ;

(ੲ) ਮੁੱਖ ਕਾਰਕਾਰੀ ਅਫ਼ਸਰ ਅਤੇ ਉਸ ਦੁਆਰਾ ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਅਫ਼ਸਰਾਂ ਅਤੇ ਕਰਮਚਾਰੀਆਂ ਅਤੇ ਅਜਿਹੇ ਅਫ਼ਸਰਾਂ ਅਤੇ ਕਰਮਚਾਰੀਆਂ ਜਿਨ੍ਹਾਂ ਦੀਆਂ ਸੇਵਾਵਾਂ ਰਾਜ ਸਰਕਾਰ ਦੁਆਰਾ ਅਫ਼ਸਰਾਂ ਅਤੇ ਕਰਮਚਾਰੀਆਂ ਜਿਨ੍ਹਾਂ ਦੀਆਂ ਸੇਵਾਵਾਂ ਰਾਜ ਸਰਕਾਰ ਦੁਆਰਾ ਜ਼ਿਲ੍ਹਾ ਪ੍ਰੀਸ਼ਦ ਨੂੰ ਸੌਂਪ ਦਿੱਤੀਆਂ ਗਈਆਂ ਹੋਣ ਤੇ ਪ੍ਰਬੰਧਕੀ ਨਿਗਰਾਨੀ ਅਤੇ ਕੰਟਰੋਲ ਰੱਖੇਗਾ।

(ਸ) ਅਜਿਹੇ ਹੋਰ ਅਧਿਕਾਰਾਂ ਦੀ ਵਰਤੋਂ ਕਰੇਗਾ, ਅਜਿਹੇ ਦੂਜੇ ਫਰਜ਼ਾਂ ਦੀ ਪਾਲਣਾ ਕਰੇਗਾ ਜਿਵੇਂ ਕਿ ਜ਼ਿਲ੍ਹਾ ਪ੍ਰੀਸ਼ਦ ਆਮ ਤੌਰ ਤੇ ਮਤੇ ਰਾਹੀਂ ਹਦਾਇਤ ਕਰੇ ਜਾਂ ਜਿਵੇਂ ਕਿ ਰਾਜ ਸਰਕਾਰ ਇਸ ਸੰਬੰਧ ਵਿੱਚ ਬਣਾਏ ਗਏ ਨਿਯਮਾਂ ਰਾਹੀਂ ਨਿਸ਼ਚਿਤ ਕਰੇ;

(ਹ) ਜ਼ਿਲ੍ਹਾ ਪ੍ਰੀਸ਼ਦ ਦੇ ਵਿੱਤੀ ਅਤੇ ਕਾਰਕਾਰੀ ਪ੍ਰਬੰਧ ਉੱਤੇ ਪੂਰੀ ਨਿਗਰਾਨੀ ਰੱਖੇਗਾ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਅੱਗੇ ਉਸ ਨਾਲ ਸੰਬੰਧਤ ਸਾਰੇ ਮਾਮਲੇ ਰੱਖੇਗਾ ਜਿਨ੍ਹਾਂ ਦੇ ਸੰਬੰਧ ਵਿੱਚ ਉਸ ਨੂੰ ਇਸ ਦੇ ਹੁਕਮ ਕਰਨ ਦੀ ਲੋੜ ਹੋਵੇ ਅਤੇ ਇਸ ਮੰਤਵ ਲਈ ਉਹ ਜ਼ਿਲ੍ਹਾ ਪ੍ਰੀਸ਼ਦ ਦੇ ਰਿਕਾਰਡ ਮੰਗਵਾ ਸਕਦਾ ਹੈ;

ਅਤੇ

(ਕ) ਉਸ ਨੂੰ ਅਜਿਹੇ ਵਿਅਕਤੀਆਂ, ਜਿਹੜੇ ਜ਼ਿਲ੍ਹੇ ਵਿੱਚ ਕੁਦਰਤੀ ਆਫਤਾਂ ਤੋਂ ਪ੍ਰਭਾਵਤ ਹੋਏ ਹੋਣ ਨੂੰ ਰਾਹਤ ਦੇਣ ਲਈ ਇੱਕ ਸਾਲ ਵਿੱਚ ਇੱਕ ਲੱਖ ਰੁਪਏ ਤੱਕ ਦੀ ਕੁੱਲ ਰਕਮ ਦੀ ਮੰਨਜ਼ੂਰੀ ਦੇਣ ਦਾ ਅਧਿਕਾਰ ਪ੍ਰਾਪਤ ਹੋਵੇਗਾ: ਸ਼ਰਤ ਇਹ ਹੈ ਕਿ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਦੀ ਅਗਲੀ ਮੀਟਿੰਗ ਵਿੱਚ ਪੁਸ਼ਟੀ ਲਈ ਅਜਿਹੀਆਂ ਮੰਨਜ਼ੂਰੀਆਂ ਦੇ ਵੇਰਵੇ ਉਸ ਦੇ ਸਾਹਮਣੇ ਰੱਖੇਗਾ।

### (2) ਉੱਪ- ਚੇਅਰਮੈਨ :

(1) ਚੇਅਰਮੈਨ ਦੀ ਗੈਰ ਮੌਜੂਦਗੀ ਵਿਚ ਜ਼ਿਲ੍ਹਾ ਪ੍ਰੀਸ਼ਦ ਦੀ ਮੀਟਿੰਗਾਂ ਦੀ ਪ੍ਰਧਾਨਗੀ ਕਰੇਗਾ।

(2) ਅਜਿਹੇ ਅਖਤਿਆਰਾਂ ਦੀ ਵਰਤੋਂ ਕਰੇਗਾ ਅਤੇ ਚੇਅਰਮੈਨ ਦੀਆਂ ਅਜਿਹੀਆਂ ਡਿਊਟੀਆਂ ਨਿਭਾਵੇਗਾ ਜੋ ਕਿ ਚੇਅਰਮੈਨ ਸਮੇਂ ਸਮੇਂ ਤੇ ਉਨ੍ਹਾਂ ਨਿਯਮਾਂ ਦੇ ਅਧੀਨ ਜੋ ਇਸ ਸੰਬੰਧੀ ਰਾਜ ਸਰਕਾਰ ਦੁਆਰਾ ਬਣਾਏ ਜਾ ਸਕਦੇ ਹਨ, ਨੂੰ ਲਿਖਤੀ ਹੁਕਮ ਰਾਹੀਂ ਉਸ ਦੇ ਸਪੁਰਦ ਕਰ ਸਕਦਾ ਹੈ ਅਤੇ

(3) ਚੇਅਰਮੈਨ ਦੀ ਚੋਣ ਪੈਂਡਿੰਗ ਹੋਣ ਤੇ ਜਾਂ ਜ਼ਿਲ੍ਹੇ ਵਿਚੋਂ ਚੇਅਰਮੈਨ ਦੀ ਗੈਰ ਮੌਜੂਦਗੀ ਦੌਰਾਨ ਜਾਂ ਤੀਹ ਦਿਨਾਂ ਨਾਲੋਂ ਵੱਧ ਸਮੇਂ ਲਈ ਛੁੱਟੀ ਕਾਰਨ, ਚੇਅਰਮੈਨ ਦੇ ਅਖਤਿਆਰਾਂ ਦੀ ਵਰਤੋਂ ਕਰਕੇ ਕਰਤੱਵ ਨਿਭਾਵੇਗਾ।

## ਜਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਅਤੇ ਮੁੱਖ ਕਾਰਜਕਾਰੀ ਅਫਸਰ ਦੇ ਵਿਸ਼ੇਸ਼ ਅਖਤਿਆਰ (ਧਾਰਾ 173)

(1) ਸੰਕਟਕਾਲੀ ਕੇਸਾਂ ਵਿੱਚ ਚੇਅਰਮੈਨ ਜਾਂ ਚੇਅਰਮੈਨ ਦੀ ਗੈਰ ਮੌਜੂਦਗੀ ਵਿੱਚ ਵਾਈਸ ਚੇਅਰਮੈਨ ਅਤੇ ਚੇਅਰਮੈਨ ਦੋਨਾਂ ਦੀ ਗੈਰ-ਮੌਜੂਦਗੀ ਵਿਚ, ਕਾਰਜਕਾਰੀ ਅਫਸਰ ਕਿਸੇ ਕੰਮ ਨੂੰ ਕਰਨ ਦੀ ਹਦਾਇਤ ਦੇ ਸਕਦਾ ਹੈ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਕਰਨ ਲਈ ਅਖਤਿਆਰ ਰਖਦੀ ਹੈ ਜੋ ਕਿ ਉਸ ਦੇ ਵਿਚਾਰ ਵਿਚ ਜਨਤਾ ਦੀ ਸੇਵਾ ਜਾਂ ਸੁਰੱਖਿਆ ਲਈ ਜ਼ਰੂਰੀ ਹੋਵੇ ਅਤੇ ਇਹ ਹਦਾਇਤ ਕਰ ਸਕਦੀ ਹੈ ਕਿ ਅਜਿਹੇ

ਕੰਮ ਨੂੰ ਅਮਲ ਵਿਚ ਲਿਆਉਣ ਜਾਂ ਕਾਰਵਾਈ ਕਰਨ ਦੇ ਖਰਚਿਆਂ ਦੀ ਅਦਾਇਗੀ ਜ਼ਿਲ੍ਹਾ ਪ੍ਰੀਸ਼ਦ ਦੇ ਫੰਡ ਵਿਚੋਂ ਕੀਤੀ ਜਾਵੇਗੀ ਪਰ ਸ਼ਰਤ ਇਹ ਹੈ ਕਿ ਅਜਿਹੀ ਹਰ ਹਦਾਇਤ ਦੀ ਰਿਪੋਰਟ ਦੀ ਪੁਸ਼ਟੀ ਲਈ ਜ਼ਿਲ੍ਹਾ ਪ੍ਰੀਸ਼ਦ ਦੀ ਅਗਲੀ ਮੀਟਿੰਗਾਂ ਵਿਚ ਪੇਸ਼ ਕੀਤੀ ਜਾਵੇਗੀ।

(2) ਚੇਅਰਮੈਨ ਜਾਂ ਉਪ ਚੇਅਰਮੈਨ ਜਾਂ ਮੁੱਖ ਕਾਰਜਕਾਰੀ ਅਫਸਰ ਉਪਧਾਰਾ (1) ਅਧੀਨ ਜਿਲ੍ਹਾ ਪ੍ਰੀਸ਼ਦ ਦੇ ਕਿਸੇ ਹੁਕਮ ਦੀ ਉਲੰਘਣਾ ਵਿਚ ਕੋਈ ਕਾਰਵਾਈ ਨਹੀਂ ਕਰੇਗਾ।

(3) ਚੇਅਰਮੈਨ ਜਾਂ ਚੇਅਰਮੈਨ ਦੀ ਗੈਰ ਮੌਜੂਦਗੀ ਵਿਚ ਵਾਈਸ ਚੇਅਰਮੈਨ ਤੇ ਵਾਈਸ ਚੇਅਰਮੈਨ ਦੋਨਾਂ ਦੀ ਗੈਰ ਮੌਜੂਦਗੀ ਵਿਚ, ਮੁੱਖ ਕਾਰਜਕਾਰੀ ਅਫਸਰ, ਜਦ ਤੱਕ ਕਿ ਮਾਮਲੇ ਤੇ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਵਿਚਾਰ ਨਹੀਂ ਕੀਤਾ ਜਾਂਦਾ ਅਜਿਹੀ ਕਾਰਵਾਈ ਦੀ ਮਨਾਹੀ ਕਰ ਸਕਦਾ ਹੈ ਜੋ ਕਿ ਉਸ ਵਿਚਾਰ ਵਿਚ ਜਨਤਾ ਦੇ ਹਿਤ ਲਈ ਅਨੁਚਿਤ ਹੈ

ਪਰ ਸ਼ਰਤ ਇਹ ਹੈ ਕਿ ਕਾਰਵਾਈ ਅਜਿਹੀ ਹੋਵੇ ਜਿਸ ਦੀ ਮਨਾਹੀ ਕਰਨ ਲਈ ਜ਼ਿਲ੍ਹਾ ਪ੍ਰੀਸ਼ਦ ਕੋਲ ਅਖਤਿਆਰ ਹੋਵੇ।

(4) ਇਸ ਧਾਰਾ ਅਧੀਨ ਦਿੱਤੀ ਗਈ ਕਿਸੇ ਵੀ ਹਦਾਇਤ ਨੂੰ ਕਿਸੇ ਅਦਾਲਤ ਵਿੱਚ ਇਸ ਆਧਾਰ ਤੇ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਕਿ ਮਾਮਲਾ ਕਿਸੇ ਹੰਗਾਮੀ ਕਿਸਮ ਦਾ ਨਹੀਂ ਸੀ।

## ਜ਼ਿਲ੍ਹਾ ਪ੍ਰੀਸ਼ਦ ਦੀਆ ਮੀਟਿੰਗਾਂ

### (ਧਾਰਾ 179)

(1) ਹਰ ਜ਼ਿਲ੍ਹਾ ਪ੍ਰੀਸ਼ਦ ਹਰ ਤਿੰਨ ਮਹੀਨਿਆਂ ਵਿਚ ਘੱਟੋ ਘੱਟ ਇੱਕ ਵਾਰ ਮੀਟਿੰਗ ਕਰੇਗੀ ਜੋ ਜ਼ਿਲਾ ਪ੍ਰੀਸ਼ਦ ਦੇ ਦਫਤਰ ਵਿਚ ਜਾਂ ਅਜਿਹੇ ਜਨਤਕ ਸਥਾਨ ਤੇ ਕੀਤੀ ਜਾਵੇਗੀ ਜੋ ਕਿ ਸਬੰਧਿਤ ਜਿਲ੍ਹੇ ਦੀਆਂ ਸਥਾਨਿਕ ਸੀਮਾਵਾਂ ਦੇ ਅੰਦਰ ਹੋਵੇ ਜਿਹੜਾ ਕਿ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਨਿਰਧਾਰਿਤ ਕਰ ਸਕਦਾ ਹੈ।

(2) ਇਸ ਐਕਟ ਦੀ ਧਾਰਾ 116 ਦੇ ਉਪਬੰਧ ਜੋ ਕਿ ਪੰਚਾਇਤ ਸਮਿਤੀਆਂ ਦੀ ਮੀਟਿੰਗ ਕਰਨ ਲਈ ਕਾਰਵਾਈ ਨਾਲ ਸਬੰਧਿਤ ਹਨ, ਉਹ ਲੋੜੀਂਦੀ ਤਬਦੀਲੀ ਨਾਲ ਜ਼ਿਲ੍ਹਾ ਪ੍ਰੀਸ਼ਦ ਦੀਆਂ ਮੀਟਿੰਗਾਂ ਦੇ ਸਬੰਧ ਵਿਚ ਲਾਗੂ ਹੋਣਗੇ।

## ਜ਼ਿਲ੍ਹਾ ਪ੍ਰੀਸ਼ਦ ਦੇ ਕੰਮ ਤੇ ਕਰਤਵ

### (ਧਾਰਾ 180)

ਅਜਿਹੀਆਂ ਸ਼ਰਤਾਂ ਦੇ ਅਧੀਨ ਜਿਨ੍ਹਾਂ ਨੂੰ ਰਾਜ ਸਰਕਾਰ ਸਮੇਂ-ਸਮੇਂ ਤੇ ਨਿਰਧਾਰਿਤ ਕਰ ਸਕਦੀ ਹੈ। ਜ਼ਿਲ੍ਹਾ ਪ੍ਰੀਸ਼ਦ ਨਿਮਨ ਕਾਰਜ ਕਰਵਾਏਗੀ :

(1) ਖੇਤੀਬਾੜੀ : ਉਤਪਾਦਨ ਵਿਚ ਵਾਧਾ ਕਰਨਾ, ਬੀਜ ਫਾਰਮ ਖੋਲ੍ਹਣੇ, ਗੁਦਾਮਾਂ ਦੀ ਸਥਾਪਨਾ, ਮੇਲੇ ਅਤੇ ਨੁਮਾਇਸ਼ਾਂ ਦਾ ਪ੍ਰਬੰਧ

(2) ਸਿੰਚਾਈ, ਜ਼ਮੀਨ ਤੋਂ ਪਾਣੀ ਦੇ ਸ੍ਰੋਤ ਅਤੇ ਵਾਟਰ ਸ਼ੈੱਡ ਦਾ ਵਿਕਾਸ।

(3) ਬਾਗਬਾਨੀ, ਪੇਂਡੂ ਪਾਰਕ ਬਾਗ, ਫਲ, ਸਬਜ਼ੀਆਂ ਦੀ ਕਾਸ਼ਤ, ਫਾਰਸ ਵਿਕਾਸ।

(4) ਅੰਕੜੇ : ਪੰਚਾਇਤੀ ਸੰਮਤੀ/ਜ਼ਿਲ੍ਹਾ ਪ੍ਰੀਸ਼ਦ ਦੇ ਅੰਕੜੇ ਤੇ ਹੋਰ ਸੂਚਨਾਵਾਂ ਨਾਲ ਤਾਲਮੇਲ

ਬਿਜਲੀ ਦੀ ਵੰਡ ਸਮੇਤ ਪੇਂਡੂ ਬਿਜਲੀਕਰਣ।

(5) ਅਤਿ ਜ਼ਰੂਰੀ ਵਸਤਾਂ ਦੀ ਵੰਡ।

(6)ਮਿੱਟੀ ਦੀ ਸੰਭਾਲ ਦੇ ਪ੍ਰਬੰਧ।

(7) ਮੰਡੀਕਰਨ : ਮੰਡੀਆਂ ਦੇ ਅਹਾਤਿਆਂ ਦਾ ਵਿਕਾਸ, ਖੇਤੀਬਾੜੀ ਪ੍ਰੋਜੈਕਟ

(8) ਸਮਾਜਿਕ ਜੰਗਲਾਤ : ਦਰੱਖਤ ਲਗਾਉਣੇ ਅਤੇ ਉਹਨਾਂ ਦੀ ਸੰਭਾਲ

(9) ਪਸ਼ੂ ਪਾਲਣਾ, ਮੁਰਗੀ ਪਾਲਣ ਅਤੇ ਮੱਛੀ ਪਾਲਣਾ ਦੇ ਕਿੱਤੇ ਨੂੰ ਉਤਸ਼ਾਹਿਤ ਕਰਨਾ

(10) ਹਸਪਤਾਲ ਅਤੇ ਡਿਸਪੈਂਸਰੀਆਂ ਦੀ ਸਥਾਪਨਾ

(11) ਅਲਪ ਜੰਗਲਾਤ ਉਪਜ ਅਤੇ ਬਾਲਣ ਅਤੇ ਚਾਰਾ : ਫਾਰਮ ਜੰਗਲ, ਬਾਲਣ ਅਤੇ ਚਾਰਾ ਪੈਦਾ ਕਰਨਾ।

(12) ਖੁਰਾਕ ਪ੍ਰੋਸੈਸਿੰਗ ਸਮੇਤ ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਦੀ ਸਥਾਪਨਾ।

(13) ਪੇਂਡੂ ਸੜਕਾਂ ਦਾ ਨਿਰਮਾਣ ਅਤੇ ਸੰਭਾਲ ਕਰਨਾ।

(14) ਸਿਹਤ ਅਤੇ ਸਿੱਖਿਆ ਲਈ ਮੁੱਢਲੇ ਸਿਹਤ ਕੇਂਦਰਾਂ, ਭਲਾਈ ਸਕੀਮਾਂ ਦੀ ਜਾਣਕਾਰੀ ਅਤੇ ਹਸਪਤਾਲਾਂ ਦਾ ਪ੍ਰਬੰਧ ਕਰਨਾ।

(15) ਗਰਾਮ ਹਾਊਸਿੰਗ : ਬੇਘਰੇ ਪਰਿਵਾਰਾਂ ਦੀ ਸ਼ਨਾਖਤ ਅਤੇ ਮਕਾਨ ਉਸਾਰੀ ਦਾ ਪ੍ਰੋਗਰਾਮ ਕਰਨ ਲਈ ਘੱਟ ਲਾਗਤ ਵਾਲੇ ਮਕਾਨ ਬਣਾਉਣੇ।

(16) ਸਿੱਖਿਆ : ਵਿੱਦਿਅਕ ਗੀਤਵਿਧੀਆਂ ਅਤੇ ਬਾਲ ਸਿੱਖਿਆ ਦਾ ਪ੍ਰਬੰਧ ਕਰਨਾ।

(17) ਵਜੀਫੇ : ਅਨੁਸੂਚਿਤ ਅਤੇ ਪੱਛੜੇ ਵਰਗ ਦੇ ਵਿਦਿਆਰਥੀਆਂ ਲਈ ਵਜ਼ੀਫੇ ਅਤੇ ਹੋਸਟਲਾਂ ਦਾ ਪ੍ਰਬੰਧ ਕਰਨਾ।

(18) ਗਰੀਬੀ ਦੂਰ ਕਰਨ ਦੇ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕਰਨਾ।

(19) ਸਮਾਜਿਕ ਸੁਧਾਰ ਗਤੀਵਿਧੀਆਂ : ਇਸਤਰੀ ਭਲਾਈ, ਬਾਲ ਸੰਗਠਨ, ਅਨਾਥਆਲਿਆਂ ਦਾ ਪ੍ਰਬੰਧ।

(20) ਦੁਕਾਨ ਦੇ ਅਦਾਰਿਆਂ ਵਿਚ ਵੱਟਿਆਂ ਦੀ ਪੈਮਾਇਸ਼

(21) ਛੋਟੀਆਂ ਬੱਚਤਾਂ ਦੀ ਮੁਹਿੰਮ।

## ਜ਼ਿਲ੍ਹਾ ਪ੍ਰੀਸ਼ਦ ਦੇ ਕਰਤੱਵ ਅਤੇ ਅਖਤਿਆਰ

### (ਧਾਰਾ 181)

(1) ਹਰ ਜ਼ਿਲ੍ਹਾ ਪ੍ਰੀਸ਼ਦ ਜ਼ਿਲ੍ਹੇ ਵਿਚ ਪੰਚਾਇਤ ਸੰਮਤੀਆਂ ਦੇ ਕਾਰਜਾਂ ਬਾਰੇ ਮਸ਼ਵਰਾ, ਉਨ੍ਹਾਂ ਦੀ ਨਿਗਰਾਨੀ ਤੇ ਤਾਲਮੇਲ ਸਥਾਪਿਤ ਕਰੇਗੀ।

(2) ਉਪ-ਧਰਾਵਾਂ (1) ਦੇ ਉਪਬੰਧਾਂ ਦੀ ਵਿਆਪਕਤਾ ਨੂੰ ਨੁਕਸਾਨ ਪਹੁੰਚਾਏ ਬਿਨ੍ਹਾਂ ਕਿਸੇ ਜ਼ਿਲ੍ਹਾ ਪ੍ਰੀਸ਼ਦ ਕੋਲ ਇਹ ਅਖਤਿਆਰ ਹੋਵੇਗਾ :-

(ੳ) ਪੰਚਾਇਤ ਸੰਮਤੀ ਦੇਬਜਟ ਦੀ ਘੋਖ ਅਤੇ ਉਸ ਨੂੰ ਮਨਜੂਰ ਕਰਨਾ, ਜਿਹਾ ਕਿ ਧਾਰਾ 142 ਵਿਚ ਵਰਣਿਤ ਕੀਤਾ ਗਿਆ ਹੈ।

(ਅ) ਪੰਚਾਇਤ ਸੰਮਤੀਆਂ ਨੂੰ ਉਹਨਾਂ ਦੀਆਂ ਡਿਊਟੀਆਂ ਦੀ ਕੁਸ਼ਲ ਕਾਰਗੁਜ਼ਾਰੀ ਦੇ ਸਬੰਧ ਵਿਚ ਅਤੇ ਅਜਿਹੇ ਨਿਰਦੇਸ਼ ਜਾਰੀ ਕਰਨੇ ਜੋ ਕਿ ਪੰਚਾਇਤ ਸੰਮਤੀਆਂ ਤੇ ਬੰਧਨਕਾਰੀ ਹੋਣਗੇ। ਪਰ ਸ਼ਰਤ ਇਹ ਹੈ ਕਿ ਜੇਕਰ ਪੰਚਾਇਤ ਸੰਮਤੀ ਅਜਿਹੇ ਕਿਸੇ ਨਿਰਦੇਸ਼ ਨੂੰ ਸਵੀਕਾਰ ਨਹੀਂ ਕਰਦੀ ਤਾਂ ਉਹ ਉਸ ਨੂੰ ਆਪਣੀਆਂ ਟਿੱਪਣੀਆਂ ਸਮੇਤ ਜ਼ਿਲ੍ਹਾ ਪ੍ਰੀਸ਼ਦ ਨੂੰ ਅਜਿਹੇ ਮਤੇ ਨਾਲ ਵਾਪਿਸ ਕਰ ਸਕਦੀ ਹੈ ਜੋ ਕਿ ਇਸ ਦੇ ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨਾਲ ਪਾਸ ਕੀਤਾ ਹੋਵੇ ਜਿਸ ਤੇ ਜ਼ਿਲ੍ਹਾ ਪ੍ਰੀਸ਼ਦ ਪੰਚਾਇਤ ਸੰਮਤੀ ਦੀਆਂ ਉਪਰੋਕਤ ਵਰਣਿਤ ਟਿੱਪਣੀਆਂ ਤੇ ਵਿਚਾਰ ਕਰੇਗੀ ਤੇ ਉਸ ਦੇ ਸਬੰਧ ਦੇ ਹੁਕਮ ਜਾਰੀ ਕਰੇਗੀ ਜੋ ਅੰਤਿਮ ਹੋਣਗੇ।

(3) ਇਸ ਦੇ ਆਪਣੇ ਪ੍ਰਸਤਾਵ ਰਾਹੀਂ ਜਾਂ ਰਾਜ ਸਰਕਾਰ ਦੁਆਰਾ ਮੰਗ ਕੀਤੇ ਜਾਣ ਤੇ ਜਾਂ ਪੰਚਾਇਤ ਸੰਮਤੀ ਦੀ ਬੇਨਤੀ ਤੇ ਪੰਚਾਇਤ ਸੰਮਤੀ ਨੂੰ ਮਸ਼ਵਰਾ ਦੇਵੇਗੀ

(4) ਪੰਚਾਇਤ ਸੰਮਤੀਆਂ ਦੇ ਸਬੰਧ ਵਿਚ ਤਿਆਰ ਕੀਤੀਆਂ ਵਿਕਾਸ ਯੋਜਨਾਵਾਂ ਨੂੰ ਇੱਕ ਸੁਰ ਅਤੇ ਸੰਚਿਤ ਕਰੇਗੀ

(5) ਯੋਜਨਾਵਾਂ, ਪ੍ਰੋਜੈਕਟਾਂ, ਸਕੀਮਾਂ ਜਾਂ ਹੋਰ ਕਾਰਜਾਂ ਜੋ ਕਿ ਜ਼ਿਲ੍ਹੇ ਵਿਚ ਦੋ ਜਾਂ ਵੱਧ ਪੰਚਾਇਤ ਸੰਮਤੀਆਂ ਨਾਲ ਸਾਂਝੇ ਹਨ,ਨੂੰ ਅਮਲ ਵਿਚ ਲਿਆਵੇਗੀ

(6) ਅਜਿਹੇ ਹੋਰ ਅਖਤਿਆਰਾਂ ਤੇ ਕਾਰਜਾਂ ਦੀ ਵਰਤੋਂ ਕਰੇਗੀ ਜੋ ਕਿ ਕਿਸੇ ਵਿਕਾਸ ਪ੍ਰੋਗਰਾਮ ਦੇ ਸਬੰਧ ਵਿਚ ਹੋਣ ਜੋ ਰਾਜ ਸਰਕਾਰ ਅਧਿਸੂਚਨਾ ਰਾਹੀਂ ਉਸ ਨੂੰ ਸੌਂਪ ਸਕਦੀ ਹੈ

(7) ਰਾਜ ਸਰਕਾਰ ਨੂੰ ਸਭ ਮਾਮਲਿਆਂ ਬਾਰੇ ਮਸ਼ਵਰਾ ਦੇ ਸਕਦੀ ਹੈ ਜੋ ਕਿ ਜ਼ਿਲ੍ਹੇ ਵਿਚ ਵਿਕਾਸ ਗਤੀਵਿਧੀਆਂ ਅਤੇ ਸੇਵਾਵਾਂ ਦੀ ਬਰਕਰਾਰੀ ਲਈ ਹੋਣ ਜੋ ਗਤੀਵਿਧੀਆਂ ਸਥਾਨਿਕ ਅਧਿਕਾਰੀਆਂ ਜਾਂ ਰਾਜ ਸਰਕਾਰ ਦੁਆਰਾ ਆਪਣੇ ਜ਼ਿੰਮੇ ਲਈਆਂ ਹੋਣ

(8) ਰਾਜ ਸਰਕਾਰ ਨੂੰ ਅਜਿਹੇ ਮਾਮਲਿਆਂ ਬਾਰੇ ਮਸ਼ਵਰਾ ਦੇ ਸਕਦੀ ਹੈ ਜੋ ਕਿ ਕਿਸੇ ਕਾਨੂੰਨੀ ਜਾਂ ਕਾਰਜਕਾਰੀ ਹੁਕਮ ਨੂੰ ਲਾਗੂ ਕਰਨ ਬਾਰੇ ਹੋਣ, ਜਿਸਨੂੰ ਕਿ ਰਾਜ ਸਰਕਾਰ ਦੁਅਰਾ ਵਿਸ਼ੇਸ਼ ਕਰਕੇ ਜ਼ਿਲ੍ਹਾ ਪ੍ਰੀਸ਼ਦ ਕੋਲ ਭੇਜਿਆ ਹੋਵੇ

(9) ਜ਼ਿਲ੍ਹਾ ਪ੍ਰੀਸ਼ਦ, ਰਾਜ ਸਰਕਾਰ ਦੀ ਪੂਰਨ ਮਨਜ਼ੂਰੀ ਨਾਲ ਜ਼ਿਲ੍ਹੇ ਵਿਚ ਪੰਚਾਇਤ ਸੰਮਤੀ ਦੇ ਫੰਡਾਂ ਤੋਂ ਯੋਗਦਾਨ ਪ੍ਰਾਪਤ ਕਰ ਸਕਦੀ ਹੈ।

(10) ਹਰ ਜ਼ਿਲ੍ਹਾ ਪ੍ਰੀਸ਼ਦ ਕੋਲ ਇਹ ਅਧਿਕਾਰ ਹੋਵੇਗਾ ਕਿ ਉਹ ਪੰਚਾਇਤ ਸੰਮਤੀ ਕੋਲੋਂ ਕੋਈ ਸੂਚਨਾ ਵਿਵਰਣ ਜਾਂ ਰਿਕਾਰਡ ਮੰਗ ਸਕਦੀ ਹੈ ਜੋ ਕਿ ਵਾਜਬ ਸਮੇਂ ਵਿਚ ਅਜਿਹੀ ਕਿਸੇ ਮੰਗ ਨੂੰ ਪੂਰਾ ਕਰੇਗੀ।

(11) ਇਸ ਐਕਟ ਵਿਚ ਕਿਸੇ ਗੱਲ ਦੇ ਵਿਪਰੀਤ ਹੋਣ ਦੇ ਬਾਵਜੂਦ ਜ਼ਿਲ੍ਹਾ ਪ੍ਰੀਸ਼ਦ ਰਾਜ ਸਰਕਾਰ ਦੁਆਰਾ ਮੰਗੇ ਜਾਂਦੇ ਤੇ ਲਿਖਤੀ ਹੁਕਮ ਰਾਹੀਂ ਜ਼ਿਲ੍ਹੇ ਜਾਂ ਉਸ ਦੇ ਕਿਸੇ ਹਿੱਸੇ ਵਿਚ ਗਰਾਮ ਪੰਚਾਇਤਾਂ ਦੇ ਸਾਰੇ ਜਾਂ ਕਿਸੇ ਪ੍ਰਬੰਧਕੀ ਕਾਰਜ ਦੀ ਕਾਰਗੁਜਾਰੀ ਤੇ ਅਜਿਹੀ ਨਿਗਰਾਨੀ ਤੇ ਕੰਟਰੋਲ ਰੱਖੇਗੀ ਜਿਸ ਦਾ ਉਦੇਸ਼ ਉਲੇਖ ਉਕਤ ਹੁਕਮ ਵਿਚ ਕੀਤਾ ਜਾ ਸਕਦਾ ਹੈ।

## ਰਾਜ ਸਰਕਾਰ ਦੇ ਆਮ ਜਾਂ ਵਿਸ਼ੇਸ਼ ਹੁਕਮਾਂ ਅਧੀਨ ਜ਼ਿਲ੍ਹਾ ਪ੍ਰੀਸ਼ਦ :

(1) ਆਪਣੇ ਅਧਿਕਾਰ ਖੇਤਰ ਤੋਂ ਬਾਹਰ ਸਿੱਖਿਆ ਜਾਂ ਡਾਕਟਰੀ ਰਾਹਤ ਤੇ ਖਰਚਾ ਕਰ ਸਕਦੀ ਹੈ :

(2) ਕਿਸੇ ਕੰਮ ਨੂੰ ਕਰਨ ਲਈ ਜਾਂ ਅਜਿਹੇ ਉਪਾਓ ਕਰ ਸਕਦੀ ਹੈ ਜਿਨ੍ਹਾਂ ਨਾਲ ਜ਼ਿਲ੍ਹੇ ਦੇ ਨਿਵਾਸੀਆਂ ਦੀ ਸਿਹਤ, ਸੁਰੱਖਿਆ, ਸਿੱਖਿਆ, ਸੁੱਖ, ਸੁਵਿਧਾ ਜਾਂ ਸਮਾਜਿਕ ਆਰਥਿਕ ਜਾਂ ਸਭਿਆਚਾਰਕ ਭਲਾਈ ਵਿਚ ਵਾਧਾ ਹੁੰਦਾ ਹੈ।

(3) ਰਾਸ਼ਟਰੀ ਜਾਂ ਰਾਜ ਜਾਂ ਅੰਤਰਰਾਜੀ ਪੱਧਰੀ ਐਸੋਸੀਏਸ਼ਨ ਵਿਚ ਯੋਗਦਾਨ ਪਾ ਸਕਦੀ ਹੈ ਜੋ ਕਿ ਸਥਾਨਿਕ ਸਰਕਾਰ ਦੀ ਪ੍ਰਗਤੀ ਦੇ ਪ੍ਰੀਸ਼ਦਾਂ ਦੀਆਂ ਗਤੀਵਿਧੀਆਂ ਦੇ ਸਬੰਧ ਵਿਚ ਨੁਮਾਇਸ਼, ਸੈਮੀਨਾਰ ਅਤੇ ਕਾਨਫਰੰਸਾਂ ਵਿਚ ਯੋਗਦਾਨ ਪਾ ਸਕਦੀ ਹੈ।

(4) ਕਿਸੇ ਵਿਅਕਤੀ ਨੂੰ ਜ਼ਿਲ੍ਹੇ ਵਿਚ ਕਿਸੇ ਗਤੀਵਿਧੀ, ਜੋ ਰਾਜ ਦੇ ਕਿਸੇ ਕਾਰਜ ਨਾਲ ਸਬੰਧਿਤ ਹੋਵੇ, ਨੂੰ ਕਰਨ ਲਈ ਮਾਲੀ ਤੇ ਹੋਰ ਸਹਾਇਤਾ ਦੇ ਸਕਦੀ ਹੈ। ਜ਼ਿਲ੍ਹਾ ਪ੍ਰੀਸ਼ਦ ਕੋਲ ਅਜਿਹੀਆਂ ਸਭ ਕਾਰਵਾਈਆਂ ਕਰਨ ਦੇ ਅਖਤਿਆਰ ਹੋਣਗੇ ਜੋ ਕਿ ਇਸ ਨੂੰ ਵਿਸ਼ੇਸ਼ ਕਰਕੇ ਸੌਂਪੇ ਗਏ ਜਾਂ ਡੈਲੀਗੇਟ ਕੀਤੇ ਗਏ ਹਨ ਜਾਂ ਇਸ ਨਾਲ ਸਬੰਧਿਤ ਹਨ ਅਤੇ ਵਿਸ਼ੇਸ਼ ਕਰਕੇ ਪਹਿਲਾਂ ਦਿੱਤੇ ਗਏ ਅਖਤਿਆਰਾਂ ਨੂੰ ਨੁਕਸਾਨ ਪਹੁੰਚਾਏ ਬਿਨ੍ਹਾਂ ਇਹ ਸਭ ਅਖਤਿਆਰਾਂ ਦੀ ਵਰਤੋਂ ਕਰੇਗੀ ਜੋ ਕਿ ਇਸ ਐਕਟ ਅਧੀਨ ਨਿਰਧਾਰਿਤ ਕੀਤੇ ਗਏ ਹਨ।

## ਜ਼ਿਲ੍ਹਾ ਪ੍ਰੀਸ਼ਦ ਦੀਆ ਸਥਾਈ ਕਮੇਟੀਆਂ

## (ਧਾਰਾ 184)

1) ਧਾਰਾ 184 ਅਧੀਨ ਜ਼ਿਲ੍ਹਾ ਪ੍ਰੀਸ਼ਦ ਲਈ ਸਥਾਈ ਕਮੇਟੀਆਂ ਨਿਮਨ ਅਨੁਸਾਰ ਬਣਾਈਆਂ ਜਾਣਗੀਆਂ: –

   I. ਆਮ ਜਨਰਲ ਕਮੇਟੀ

   II. ਵਿੱਤੀ ਆਡਿਟ ਤੇ ਯੋਜਨਾ

   III. ਸਮਾਜਿਕ ਨਿਆਂ ਸਬੰਧੀ

   IV. ਸਿੱਖਿਆ ਤੇ ਸਿਹਤ ਕਮੇਟੀ

   V. ਖੇਤੀਬਾੜੀ ਤੇ ਉਦਯੋਗ ਕਮੇਟੀ

2) ਹਰੇਕ ਕਮੇਟੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਵੱਲੋਂ ਨਿਸ਼ਚਿਤ ਕੀਤੇ ਅਨੁਸਾਰ ਚੇਅਰਮੈਨ ਸਮੇਤ 5 ਤੋਂ ਵੱਧ ਮੈਂਬਰ ਨਹੀਂ ਹੋਣਗੇ ਅਤੇ ਇਨ੍ਹਾਂ ਦੀ ਚੋਣ ਜ਼ਿਲ੍ਹਾ ਪ੍ਰੀਸ਼ਦ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਕੀਤੀ ਜਾਵੇਗੀ।

3) ਚੇਅਰਮੈਨ ਜਨਰਲ ਸਟੈਂਡਿੰਗ ਕਮੇਟੀ, ਵਿੱਤ ਆਡਿਟ ਅਤੇ ਯੋਜਨਾ ਕਮੇਟੀ ਦਾ ਆਪਣੇ ਅਹੁੱਦੇ ਕਾਰਨ ਮੈਂਬਰ ਅਤੇ ਚੇਅਰਮੈਨ ਹੋਵੇਗਾ ਅਤੇ ਬਾਕੀ ਸਾਰੀਆਂ ਸਟੈਂਡਿੰਗ ਕਮੇਟੀਆਂ ਆਪਣੇ ਮੈਂਬਰਾਂ ਵਿੱਚੋਂ ਚੇਅਰਮੈਨ ਦੀ ਚੋਣ ਕਰਨਗੀਆਂ।

4) ਚੇਅਰਮੈਨ ਨੂੰ ਛੱਡ ਕੇ ਜ਼ਿਲ੍ਹਾ ਪ੍ਰੀਸ਼ਦ ਦਾ ਕੋਈ ਵੀ ਹੋਰ ਮੈਂਬਰ ਦੋ ਸਟੈਂਡਿੰਗ ਕਮੇਟੀਆਂ ਤੋਂ ਵੱਧ ਸੇਵਾ ਕਰਨ ਦੇ ਯੋਗ ਨਹੀਂ ਹੋਵੇਗਾ।

5) ਮੁੱਖ ਕਾਰਜਕਾਰੀ ਅਫ਼ਸਰ ਆਪਣੇ ਅਹੁੱਦੇ ਕਾਰਨ ਜਨਰਲ ਸਟੈਂਡਿੰਗ ਕਮੇਟੀ ਅਤੇ ਵਿੱਤ ਆਡਿਟ ਅਤੇ ਯੋਜਨਾ ਕਮੇਟੀ ਦਾ ਸੈਕਟਰੀ ਹੋਵੇਗਾ ਅਤੇ ਬਾਕੀ ਬਚਦੀ ਹਰੇਕ ਸਟੈਂਡਿੰਗ ਕਮੇਟੀ ਲਈ ਉਹ ਉੱਪ-ਮੁੱਖ ਕਾਰਜਕਾਰੀ ਅਫ਼ਸਰ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਕਿਸੇ ਵੀ ਹੋਰ ਅਫ਼ਸਰ ਨੂੰ ਅਹੁੱਦੇ ਕਾਰਨ ਸੈਕਟਰੀ ਨਾਮਜ਼ਦ ਕਰੇਗਾ।

6) ਮੁੱਖ ਕਾਰਕਾਰੀ ਅਫ਼ਸਰ ਸਾਰੀਆਂ ਸਟੈਂਡਿੰਗ ਕਮੇਟੀਆਂ ਦੀਆਂ ਮੀਟਿੰਗਾਂ 'ਚ ਹਾਜ਼ਰ ਹੋਣ ਦਾ ਹੱਕਦਾਰ ਹੋਵੇਗਾ।

## ਜ਼ਿਲ੍ਹਾ ਪ੍ਰੀਸ਼ਦ ਦੀਆਂ ਸਥਾਈ ਕਮੇਟੀਆਂ ਦੇ ਕਾਰਜ

### (ਧਾਰਾ 185)

ਜ਼ਿਲ੍ਹਾ ਪ੍ਰੀਸ਼ਦ ਦੀਆਂ ਸਟੈਡਿੰਗ ਕਮੇਟੀਆਂ ਦੇ ਨਿਮਨਲਿਖਿਤ ਕੰਮ ਹੋਣਗੇ

| | | |
|---|---|---|
| (1) ਜਨਰਲ ਕਮੇਟੀ | : | ਸੰਪਰਕ, ਇਮਾਰਤਾਂ, ਦਿਹਾੜੀ ਮਕਾਨ ਉਸਾਰੀ, ਕੁਦਰਤੀ ਆਫਤਾਂ ਵਿਰੁੱਧ ਰਾਹਤ ਅਤੇ ਹੋਰ ਫੁਟਕਲ ਕੰਮ। |
| (2) ਵਿੱਤ, ਲੇਖਾ ਤੇ ਯੋਜਨਾਬੰਦੀ **ਕ**ਮੇਟੀ | : | ਜ਼ਿਲ੍ਹਾ ਪ੍ਰੀਸ਼ਦ ਦਾ ਵਿੱਤ ਬੱਜਟ ਤਿਆਰ ਕਰੇਗੀ, ਮਾਲੀਆ ਵਧਾਉਣ ਲਈ ਯਤਨ, ਪ੍ਰਾਪਤੀਆਂ ਤੇ ਖਰਚੇ ਦਾ ਵਿਵਰਣ ਪਹਿਲ ਦੇ ਅਧਾਰ ਤੇ ਯੋਜਨਾਵਾਂ ਤਿਆਰ ਕਰਨੀਆਂ, ਛੋਟੀਆਂ ਬੱਚਤਾਂ ਆਦਿ। |
| (3) ਸਮਾਜਿਕ ਨਿਆਂ ਕਮੇਟੀ | : | ਅਨੁਸੂਚਿਤ/ਪਛੜੀਆਂ ਜਾਤੀਆਂ ਲਈ ਸਿੱਖਿਆ, ਆਰਥਿਕ, ਸਮਾਜਿਕ, ਸਭਿਆਚਾਰਕ ਤੇ ਹੋਰ ਉਨਤੀ ਦਾ ਪ੍ਰਬੰਧ ਤੇ ਨਿਰੀਖਣ ਕਰੇਗੀ ਅਤੇ ਉਨ੍ਹਾਂ ਲਈ ਨਿਆਂ ਅਤੇ ਸੁਰੱਖਿਆ ਦੇਣੀ। |
| (4) ਸਿੱਖਿਆ ਤੇ ਸਿਹਤ ਕਮੇਟੀਆਂ | : | ਵਿੱਦਿਅਕ ਸਰਗਰਮੀ ਉਨਤੀ, ਕੌਮੀ ਨੀਤੀ, ਰਾਜ ਪੱਧਰੀ ਯੋਜਨਾਵਾਂ, ਸਿੱਖਿਆ ਦੀਆਂ ਯੋਜਨਾਵਾਂ, ਵਿਦਿਅਕ ਸਰਗਰਮੀ ਦਾ ਮੁਲੰਕਣ, ਬਾਲਗ ਸਿੱਖਿਆ, ਸਭਿਆਚਾਰ, ਜਲ ਨਿਕਾਸ ਸਿਹਤ ਸੇਵਾਵਾਂ। |
| (5) ਖੇਤੀਬਾੜੀ ਤੇ ਉਦਯੋਗਿਕ ਕਮੇਟੀ | : | ਜ਼ਰਾਇਤੀ ਪੈਦਾਵਾਰ, ਪਸ਼ੂ-ਪਾਲਣ, ਸਹਿਕਾਰਤਾ, ਬੰਨ੍ਹ ਲਗਾਉਣੇ, ਭੂਮੀ ਸੁਧਾਰ, ਪੇਂਡੂ ਤੇ ਘਰੇਲੂ ਉਦਯੋਗ |

## ਜ਼ਿਲ੍ਹਾ ਪ੍ਰੀਸ਼ਦ ਦੇ ਫੰਡ

### (ਧਾਰਾ 188)

(1) ਹਰ ਜ਼ਿਲ੍ਹਾ ਪ੍ਰੀਸ਼ਦ ਲਈ ਜ਼ਿਲ੍ਹਾ ਪ੍ਰੀਸ਼ਦ ਫੰਡ ਦੀ ਸਿਰਜਣਾ ਕੀਤੀ ਜਾਵੇਗੀ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਨਾਂ ਤੇ ਹੋਵੇਗਾ ਅਤੇ ਉਸ ਨੂੰ ਨਿਮਨ ਦੇ ਕਰੈਡਿਟ ਵਿਚ ਰੱਖਿਆ ਜਾਵੇਗਾ :

I. ਗ੍ਰਾਂਟਾਂ ਦਾ ਯੋਗਦਾਨ, ਜੇਕਰ ਕੋਈ ਹੋਵੇ, ਜੋ ਕਿ ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਪਾਇਆ ਜਾ ਸਕਦਾ ਹੈ, ਸਮੇਤ ਭੂਮੀ ਮਾਲੀਏ ਦੇ ਅਜਿਹੇ ਹਿੱਸੇ, ਜਿਸ ਨੂੰ ਰਾਜ ਵਿਚ ਇਕੱਤਰ ਕੀਤਾ ਗਿਆ ਹੋਵੇ ਜਿਹੜਾ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਜਾ ਸਕਦਾ ਹੈ।

II. ਅੰਸ਼ਦਾਨ ਤੇ ਗ੍ਰਾਂਟਾਂ, ਜੇਕਰ ਕੋਈ ਹੋਣ ਜੋ ਕਿ ਕਿਸੇ ਪੰਚਾਇਤ ਸੰਮਤੀ ਜਾਂ ਕਿਸੇ ਹੋਰ ਸਥਾਨਿਕ ਅਧਿਕਾਰੀ ਨੇ ਦਿੱਤੀਆਂ ਹੋਣ।

III. ਕਰਜ਼ੇ, ਜੇਕਰ ਕੋਈ ਹੋਣ, ਜੋ ਪਹਿਲਾਂ ਪ੍ਰੀਸ਼ਦ ਦੁਆਰਾ ਆਪਣੀਆਂ ਸੰਪਤੀਆਂ ਦੀ ਸਕਿਉਰਿਟੀ ਤੇ ਦਿੱਤੇ ਹੋਣ।

IV. ਸੜਕ ਉਪਕਰ ਤੇ ਲੋਕ ਨਿਰਮਾਣ ਉਪ-ਕਰ ਫੀਸ ਸਮੇਤ ਸਥਾਨਕ ਦਰਾਂ ਤੇ ਫੀਸ ਦੇ ਜੋ ਕਿ ਜ਼ਿਲ੍ਹੇ ਵਿਚ ਲਾਇਆ ਗਿਆ ਹੋਵੇ।

V. ਟੈਕਸਾਂ, ਮਹਿਸੂਲਾਂ, ਦਰਾਂ, ਉਪਕਰ, ਫੀਸ ਸਮੇਤ ਸਥਾਨਕ ਦਰਾਂ ਤੇ ਫੀਸ ਦੇ ਜੋ ਕਿ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਲਾਈ ਗਈ ਹੋਵੇ, ਦੀਆਂ ਸਭ ਵਸੂਲੀਆਂ।

VI. ਸਭ ਸਕੂਲਾਂ, ਹਸਪਤਾਲਾਂ, ਡਿਸਪੈਂਸਰੀਆਂ, ਇਮਾਰਤੀ ਸੰਸਥਾਵਾਂ ਜਾਂ ਕਾਰਜਾਂ ਦੇ ਸਬੰਧ ਵਿੱਚ ਸਭ ਵਸੂਲੀਆਂ, ਜੋ ਜ਼ਿਲ੍ਹਾ ਪ੍ਰੀਸ਼ਦ ਵਿਚ ਨਿਹਿਤ ਹੋਣ, ਉਹ ਉਸਾਰੇ ਗਏ ਹੋਣ ਜਾਂ ਜਿਨ੍ਹਾਂ ਨੂੰ ਜ਼ਿਲ੍ਹਾ ਪ੍ਰੀਸ਼ਦ ਦੇ ਕੰਟਰੋਲ ਤੇ ਪ੍ਰਬੰਧ ਅਧੀਨ ਰੱਖਿਆ ਗਿਆ ਹੋਵੇ।

VII. ਸਾਰੀਆਂ ਰਕਮਾਂ ਜਾਂ ਤੋਹਫੇ ਅੰਸ਼ਦਾਨ ਅਤੇ ਕਿਸੇ ਟਰੱਸਟ ਤੋਂ ਸਾਰੀ ਆਮਦਨ ਜਾਂ ਦਾਨ ਜੋ ਜ਼ਿਲ੍ਹਾ ਪ੍ਰੀਸ਼ਦ ਦੇ ਨਾਂ ਤੇ ਦਿੱਤਾ ਗਿਆ ਹੋਵੇ।

VIII. ਅਜਿਹੇ ਜੁਰਮਾਂ ਜਾਂ ਦੰਡ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਉਪ ਨਿਯਮਾਂ ਦੇ ਉਪਬੰਧਾਂ ਅਧੀਨ ਲਗਾਏ ਤੇ ਵਸੂਲ ਕੀਤੇ ਗਏ ਹੋਣ।

IX. ਹੋਰ ਸਭ ਰਕਮਾਂ ਜੋ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਜਾਂ ਉਸ ਲਈ ਪ੍ਰਾਪਤ ਕੀਤੀਆਂ ਗਈਆਂ ਹੋਣ।

(2) ਹਰ ਜ਼ਿਲ੍ਹਾ ਪ੍ਰੀਸ਼ਦ ਸਲਾਨਾ ਅਜਿਹੀਆਂ ਰਕਮਾਂ ਅਲੱਗ ਰੱਖੇਗੀ ਤੇ ਸਪਲਾਈ ਕਰੇਗੀ ਜੋ ਕਿ ਅਫਸਰਾਂ ਤੇ ਕਰਮਚਾਰੀਆਂ ਨੂੰ ਤਨਖਾਹ, ਭੱਤਿਆਂ, ਪ੍ਰਾਵੀਡੈਂਟ ਫੰਡ ਤੇ ਗ੍ਰੇਚੂਇਟੀ ਦੇਣ ਲਈ ਆਪਣੇ ਪ੍ਰਬੰਧ ਦੀ ਲਾਗਤ ਪੂਰੀ ਕਰਨ ਲਈ ਲੋੜੀਂਦੀਆਂ ਹਨ।

(3) ਹਰ ਜ਼ਿਲ੍ਹਾ ਪ੍ਰੀਸ਼ਦ ਨੂੰ ਇਹ ਅਖਤਿਆਰ ਹੋਵੇਗਾ ਕਿ ਉਹ ਅਜਿਹੀਆਂ ਰਕਮਾਂ ਨੂੰ ਇਸ ਐਕਟ ਦੇ ਮੰਤਵ ਨੂੰ ਪੂਰਾ ਕਰਨ ਲਈ ਜਿਵੇਂ ਉਚਿਤ ਸਮਝੇ, ਇਹਨਾਂ ਨੂੰ ਖਰਚ ਕਰੇ।

(4) ਜ਼ਿਲ੍ਹਾ ਪ੍ਰੀਸ਼ਦ ਫੰਡ, ਜ਼ਿਲ੍ਹਾ ਪ੍ਰੀਸ਼ਦ ਵਿਚ ਨਿਹਿਤ ਹੋਵੇਗਾ ਅਤੇ ਇਸ ਫੰਡ ਦੇ ਕਰੈਡਿਟ ਵਿਚ ਖੜੀ ਰਕਮ ਨੂੰ ਅਜਿਹੀ ਹਿਫਾਜਤ ਵਿਚ ਰੱਖਿਆ ਜਾਵੇਗਾ ਜਾਂ ਇਸ ਤਰੀਕੇ ਨਾਲ ਇਸਦਾ ਨਿਵੇਸ਼ ਕੀਤਾ ਜਾਵੇਗਾ ਜਿਹਾ ਕਿ ਰਾਜ ਸਰਕਾਰ ਸਮੇਂ-ਸਮੇਂ ਤੇ ਹਦਾਇਤ ਕਰ ਸਕਦੀ ਹੈ।

(5) ਜ਼ਿਲ੍ਹਾ ਪ੍ਰੀਸ਼ਦ ਫੰਡ ਸਬੰਧੀ ਸਾਰੇ ਹੁਕਮਾਂ ਜਾਂ ਚੈਕਾਂ ਤੇ ਮੁੱਖ ਕਾਰਜਕਾਰੀ ਅਫਸਰ ਦੁਆਰਾ ਹਸਤਾਖਰ ਕੀਤੇ ਜਾਣਗੇ।

## ਜ਼ਿਲ੍ਹਾ ਪ੍ਰੀਸ਼ਦ ਦੁਆਰਾ ਕਰ ਲਗਾਉਣਾ

(ਧਾਰਾ 189)

(1) ਰਾਜ ਸਰਕਾਰ ਰਾਜ ਵਿੱਤ ਕਮਿਸ਼ਨ ਜਿਸ ਦੀ ਸਿਰਜਣਾ ਸੰਵਿਧਾਨ ਦੇ ਅਨੁਛੇਦ 243-1, ਅਧੀਨ ਕੀਤੀ ਗਈ ਹੈ, ਦੀ ਸਿਫਾਰਸ਼ ਤੇ ਜਾਂ ਹੋਰ ਕਿਸੇ ਜ਼ਿਲ੍ਹਾ ਪ੍ਰੀਸ਼ਦ ਨੂੰ ਕੋਈ ਟੈਕਸ, ਡਿਊਟੀ, ਮਹਿਸੂਲ, ਉਪਕਰ ਲਗਾਉਣ ਦੀ ਆਗਿਆ ਦੇ ਸਕਦੀ ਹੈ ਜਿਸ ਨੂੰ ਕਿਸੇ ਗਰਾਮ ਪੰਚਾਇਤ ਜਾਂ ਪੰਚਾਇਤ ਸਮਿਤੀ ਦੁਆਰਾ ਨਾਲ ਲਗਾਇਆ ਗਿਆ ਹੋਵੇ, ਜਿਸ ਤੇ ਜ਼ਿਲ੍ਹਾ ਪ੍ਰੀਸ਼ਦ ਨੂੰ ਇਹ ਅਖਤਿਆਰ ਹੋਣਗੇ ਕਿ ਉਹ ਅਜਿਹੇ ਟੈਕਸ ਮਹਿਸੂਲ, ਡਿਊਟੀ, ਉਪ ਕਰ ਜਾਂ ਫੀਸ ਨੂੰ ਲਗਾ ਤੇ ਵਸੂਲ ਕਰਕੇ ਆਪਣੇ ਫੰਡ ਵਿਚ ਜਮ੍ਹਾਂ ਕਰਵਾ ਸਕਦੀ ਹੈ।

(2) ਮਹਿਸੂਲਾਂ, ਫੀਸਾਂ ਜਾਂ ਦਰਾਂ ਦੇ ਪੈਮਾਨੇ ਅਤੇ ਉਸਨੂੰ ਲਗਾਉਣ ਦੀਆਂ ਸ਼ਰਤਾਂ ਅਜਿਹੀਆਂ ਹੋ ਸਕਦੀਆਂ ਹਨ, ਜਿਹਨਾਂ ਦਾ ਉਪਬੰਧ ਉਪ ਨਿਯਮ ਵਿਚ ਕੀਤਾ ਜਾ ਸਕਦਾਹੈ ਅਤੇ ਇਸ ਪ੍ਰਕਾਰ ਬਣਾਏ ਗਏ ਉਪ-ਨਿਯਮ ਕਿਸੇ ਕੇਸ ਜਾਂ ਕੇਸਾਂ ਦੀ ਸ਼੍ਰੇਣੀ ਵਿਚ ਸਾਰੇ ਜਾਂ ਕਿਸੇ ਮਹਿਸੂਲ, ਫੀਸ ਦਾ ਜਾਂ ਉਪ ਦਰਾਂ ਦੀ ਛੋਟ ਦਾ ਉਪਬੰਧ ਕਰ ਸਕਦੇ ਹਨ।

(3) ਜ਼ਿਲ੍ਹਾ ਪ੍ਰੀਸ਼ਦ ਉਪਧਾਰਾ (1) ਅਧੀਨ ਕਿਸੇ ਟੈਕਸ ਡਿਊਟੀ, ਫੀਸ, ਮਹਿਸੂਲ, ਉਪ ਕਰ ਲਗਾਉਣ ਸਮੇਂ ਇਸ ਐਕਟ ਦੇ ਉਨ੍ਹਾਂ ਹੀ ਉਪਬੰਧਾਂ ਅਧੀਨ ਹੋਵੇਗੀ ਜੋ ਉਪਬੰਧ ਗਰਾਮ ਪੰਚਾਇਤ ਜਾਂ ਪੰਚਾਇਤ ਸਮਿਤੀ ਜਿਵੇਂ ਵੀ ਕੇਸ ਹੋਵੇ ਤੇ ਲਾਗੂ ਹੁੰਦੇ ਹਨ।

## ਜ਼ਿਲ੍ਹਾ ਪ੍ਰੀਸ਼ਦ ਦਾ ਸਲਾਨਾ ਬੱਜਟ

(ਧਾਰਾ 192)

ਹਰ ਜ਼ਿਲ੍ਹਾ ਪ੍ਰੀਸ਼ਦ ਦਾ ਮੁੱਖ ਕਾਰਜਕਾਰੀ ਅਫਸਰ ਹਰ ਸਾਲ ਇੱਕ ਬਜਟ ਬਣਾ ਕੇ ਨਿਰਧਾਰਿਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਜ਼ਿਲ੍ਹਾ ਪ੍ਰੀਸ਼ਦ ਅੱਗੇ ਪੇਸ਼ ਕਰੇਗਾ, ਜਿਸ ਵਿਚ ਅਗਲੇ ਮਾਲੀ ਸਾਲ ਦੌਰਾਨ ਸੰਭਾਵੀ ਵਸੂਲੀਆਂ ਅਤੇ ਖਰਚੇ ਨੂੰ ਦਿਖਾਇਆ ਜਾਵੇਗਾ, ਹਰ ਜ਼ਿਲ੍ਹਾ ਪ੍ਰੀਸ਼ਦ ਹਰ ਸਾਲ ਇੱਕ ਪੂਰਵ ਬਜਟ ਤਿਆਰ ਤੇ ਮਨਜੂਰ ਕਰ ਸਕਦੀ ਹੈ।

## ਜ਼ਿਲ੍ਹਾ ਪ੍ਰੀਸ਼ਦ ਦੇ ਲੇਖਿਆਂ ਦੇ ਆਡਿਟ

(ਧਾਰਾ 194)

(1) ਜ਼ਿਲ੍ਹਾ ਪ੍ਰੀਸ਼ਦ ਦੇ ਲੇਖਿਆਂ ਦਾ ਆਡਿਟ ਅਜਿਹੇ ਅਧਿਕਾਰੀ ਦੁਆਰਾ ਕੀਤਾ ਜਾਵੇਗਾ ਜਿਸ ਨੂੰ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਜਾ ਸਕਦਾ ਹੈ। ਆਡਿਟ ਨੋਟ ਦੀ ਇੱਕ ਨਕਲ, ਆਡਿਟ ਮੁਕੰਮਲ ਹੋ ਜਾਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਜ਼ਿਲ੍ਹਾ ਪ੍ਰੀਸ਼ਦ ਨੂੰ ਭੇਜੀ ਜਾਵੇਗੀ।

(2) ਉਪਧਾਰਾ (1) ਵਿਚ ਵਰਣਿਤ ਆਡਿਟ ਰਿਪੋਰਟ ਦੀ ਪ੍ਰਾਪਤੀ ਤੇ ਜ਼ਿਲ੍ਹਾ ਪ੍ਰੀਸ਼ਦ ਜਾਂ ਕਿਸੇ ਤਰੁੱਟੀਆਂ ਜਾਂ ਬੇਕਾਇਦਗੀਆਂ ਨੂੰ ਠੀਕ ਕਰਕੇ, ਜਿਨ੍ਹਾਂ ਬਾਰੇ ਆਡਿਟ ਵਿਚ ਸੰਕੇਤ ਕੀਤਾ ਗਿਆ ਹੈ, ਰਾਜ ਸਰਕਾਰ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਇਸ ਸੂਚਨਾ ਵਜੋਂ ਭੇਜੇਗੀ ਕਿ ਅਜਿਹਾ ਕੀਤਾ ਗਿਆ ਹੈ ਜਾਂ ਉਕਤ ਸਮੇਂ ਦੇ ਦੌਰਾਨ ਅਜਿਹੀਆਂ ਤਰੁੱਟੀਆਂ ਜਾਂ ਬੇਕਾਇਦਗੀਆਂ ਦੇ ਸਬੰਧ ਵਿਚ ਜੋ ਕਿ ਅਗਲੇਰੀ ਵਿਆਖਿਆ ਨਿਰਧਾਰਿਤ ਅਧਿਕਾਰੀ ਨੂੰ ਭੇਜੇਗੀ ਜੋ ਕਿ ਉਹ ਦੇਣਾ ਚਾਹੇ।

## ਜ਼ਿਲ੍ਹਾ ਪ੍ਰੀਸ਼ਦ ਦੇ ਮੁੱਖ ਕਾਰਜਕਾਰੀ ਅਫਸਰ ਦੇ ਕੰਮਕਾਰ

(ਧਾਰਾ 197)

ਜੇਕਰ ਇਸ ਐਕਟ ਅਧੀਨ ਸਪੱਸ਼ਟ ਰੂਪ ਵਿਚ ਉਪਬੰਧ ਨਾ ਕੀਤਾ ਗਿਆ ਹੋਵੇ ਜ਼ਿਲ੍ਹਾ ਪ੍ਰੀਸ਼ਦ ਵਿਚ ਮੁੱਖ ਕਾਰਜਕਾਰੀ

ਅਫਸਰ ਦਾ ਉਪਬੰਧ ਹੈ ਜੋ-

(1) ਜ਼ਿਲ੍ਹਾ ਪ੍ਰੀਸ਼ਦ ਦੀਆਂ ਨੀਤੀਆਂ ਤੇ ਹਦਾਇਤਾਂ ਦੀ ਪਾਲਣਾ ਲਈ ਜ਼ਰੂਰੀ ਉਪਾਅ ਕਰੇਗਾ ਤਾਂ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਕਾਰਜਾਂ ਅਤੇ ਵਿਕਾਸ ਦੀਆਂ ਸਕੀਮਾਂ ਨੂੰ ਛੇਤੀ ਅਮਲੀ ਰੂਪ ਵਿੱਚ ਲਿਆਂਦਾ ਜਾ ਸਕੇ।

(2) ਚੇਅਰਮੈਨ ਦੀ ਆਮ ਨਿਗਰਾਨੀ ਤੇ ਕੰਟਰੋਲ ਅਧੀਨ ਅਜਿਹੇ ਨਿਯਮਾਂ ਅਧੀਨ ਜੋ ਨਿਰਧਾਰਿਤ ਕੀਤੇ ਜਾ ਸਕਦੇ ਹਨ, ਜ਼ਿਲ੍ਹਾ ਪ੍ਰੀਸ਼ਦ ਦੇ ਅਫਸਰਾਂ ਤੇ ਕਰਮਚਾਰੀਆਂ ਤੇ ਕੰਟਰੋਲ ਰੱਖੇਗਾ।

(3) ਜ਼ਿਲ੍ਹਾ ਪ੍ਰੀਸ਼ਦ ਦੇ ਸਾਰੇ ਸਬੰਧਤ ਕਾਗਜ਼ ਪੱਤਰ ਆਪਣੇ ਕਬਜ਼ੇ ਵਿੱਚ ਰੱਖੇਗਾ।

(4) ਜ਼ਿਲ੍ਹਾ ਪ੍ਰੀਸ਼ਦ ਦੇ ਫੰਡਾਂ ਵਿਚੋਂ ਧੰਨ ਰਾਸ਼ੀ ਕਢਵਾਏਗਾ ਤੇ ਵਿਕਾਸ ਦੇ ਕਾਰਜਾਂ ਲਈ ਵੰਡੇਗਾ।

(5) ਇਸ ਐਕਟ ਅਧੀਨ ਬਣਾਏ ਗਏ ਨਿਯਮਾਂ/ਨਿਯਮਾਂ ਅਧੀਨ ਦਿੱਤੇ ਕਰਤੱਵਾਂ ਦੀ ਪਾਲਣਾ ਕਰੇਗਾ ਅਰਥਾਤ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਅਧੀਨ ਜ਼ਿਲ੍ਹਾ ਪ੍ਰੀਸ਼ਦ ਦੇ ਕਰਮਚਾਰੀ ਦੀ ਨਿਯੁਕਤੀ ਕਰ ਸਕਦਾ ਹੈ। ਦੰਡ ਅਤੇ ਬਰਤਰਫੀ ਕਰ ਸਕਦਾ ਹੈ। ਅਜਿਹੀਆਂ ਹੋਰ ਡਿਊਟੀਆਂ ਲਈ ਜੋ ਜ਼ਿਲ੍ਹਾ ਪ੍ਰੀਸ਼ਦ ਦੁਆਰਾ ਸਮੇਂ ਸਮੇਂ ਉਹਨਾਂ ਦੇ ਸਪੁਰਦ ਕੀਤੀਆਂ ਜਾ ਸਕੀਦਆਂ ਹਨ, ਪ੍ਰਬੰਧਕੀ ਕੰਟਰੋਲ ਰੱਖਦਾ ਹੈ।

(6) ਜ਼ਿਲ੍ਹਾ ਪ੍ਰੀਸ਼ਦ ਦੀ ਹਰ ਮੀਟਿੰਗ ਵਿਚ ਸ਼ਾਮਲ ਹੋਵੇਗਾ, ਬਹਿਸ ਕਰੇਗਾ, ਪ੍ਰੰਤੂ ਕਿਸੇ ਮਤੇ ਨੂੰ ਪੇਸ਼ ਕਰਨ ਦਾ ਜਾਂ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

## ਪੰਚਾਇਤ ਦੇ ਮਤਿਆਂ ਨੂੰ ਰੱਦ ਜਾਂ ਮਨਸੂਖ ਕਰਨ ਦੇ ਅਖਤਿਆਰ

(ਧਾਰਾ 199)

(1) ਡਾਇਰੈਕਟਰ, ਲਿਖਤੀ ਹੁਕਮ ਰਾਹੀਂ ਪੰਚਾਇਤ ਦੁਆਰਾ ਪਾਸ ਕੀਤੇ ਕਿਸੇ ਮਤੇ ਨੂੰ ਰੱਦ ਕਰ ਸਕਦਾ ਹੈ, ਜੇਕਰ ਉਸ ਦੇ ਵਿਚਾਰ ਵਿਚ ਅਜਿਹਾ ਮਤਾ :

1) ਕਾਨੂੰਨੀ ਤੌਰ ਤੇ ਪਾਸ ਨਾ ਕੀਤਾ ਗਿਆ ਹੋਵੇ,

2) ਜੇਕਰ ਇਸ ਐਕਟ ਦੁਆਰਾ ਜਾਂ ਅਧੀਨ ਮਿਲੇ ਅਖਤਿਆਰਾਂ ਦੀ ਵਧੀਕ ਦੁਰਵਰਤੋਂ ਕੀਤੀ ਗਈ ਹੋਵੇ,

3) ਜੇਕਰ ਇਹ ਆਮ ਜਨਤਾ ਦੇ ਹਿੱਤਾਂ ਦੇ ਵਿਰੁੱਧ ਹੋਵੇ ਜਾਂ ਇਸ ਨਾਲ ਸੰਮਤੀ ਫੰਡ ਜਾਂ ਜ਼ਿਲ੍ਹਾ ਪ੍ਰੀਸ਼ਦ ਫੰਡ ਜਾਂ ਪੰਚਾਇਤ ਸਮਿਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੀ ਸੰਪਤੀ ਦੀ ਬਰਬਾਦੀ ਹੋਣ ਦੀ ਸੰਭਾਵਨਾ ਹੋਵੇ,

4) ਇਸ ਦੇ ਅਮਲ ਵਿਚ ਆਉਣ ਨਾਲ ਮਨੁੱਖੀ ਜੀਵਨ ਸਿਹਤ ਜਾਂ ਸੁਰੱਖਿਆ ਨੂੰ ਖਤਰਾ ਹੋਵੇ ਜਾਂ ਜਿਸ ਨਾਲ ਕੋਈ ਦੰਗਾ ਜਾਂ ਫਸਾਦ ਹੋਣ ਦੀ ਸੰਭਾਵਨਾ ਹੋਵੇ।

(2)ਉਪਧਾਰਾ (1) ਅਧੀਨ ਕਾਰਵਾਈ ਕਰਨ ਲਈ ਡਾਇਰੈਕਟਰ (1) ਪੰਚਾਇਤ ਨੂੰ ਸਪੱਸ਼ਟੀਕਰਣ ਦਾ ਇੱਕ ਮੌਕਾ ਦੇਵੇਗਾ।

(3)ਜੇਕਰ ਡਿਪਟੀ ਕਮਿਸ਼ਨਰ ਦੇ ਵਿਚਾਰ ਵਿਚ ਉਪਧਾਰਾ (1) ਦੇ ਖੰਡ (ੲ) ਵਿਚ ਵਰਣਿਤ ਕਿਸੇ ਅਧਾਰ ਤੇ ਕਿਸੇ ਮਤੇ ਨੂੰ ਮਨਸੂਖ ਕਰਨ ਲਈ ਤੁਰੰਤ ਕਾਰਵਾਈ ਕਰਨੀ ਜ਼ਰੂਰੀ ਹੋਵੇ ਤਾਂ ਉਹ ਲਿਖਤੀ ਹੁਕਮ ਰਾਹੀਂ ਮਤੇ ਨੂੰ ਮਨਸੂਖ ਕਰ ਸਕਦਾ ਹੈ ਤੇ ਉਸ ਦੀ ਰਿਪੋਰਟ ਡਾਇਰੈਕਟਰ ਨੂੰ ਦੇ ਸਕਦਾ ਹੈ।

(4)ਰਾਜ ਸਰਕਾਰ ਉਸੇ ਰੂਪ ਵਿਚ ਜਾਂ ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੀ ਪ੍ਰਤਿ ਬੇਨਤੀ ਤੇ ਜੋ ਉਪਧਾਰਾ (3) ਅਧੀਨ ਦਿੱਤੇ ਹੁਕਮ ਤੋਂ ਪੀੜਤ ਹੋਵੇ, ਕੇਸ ਦੇ ਸਬੰਧ ਵਿਚ ਅਜਿਹਾ ਹੁਕਮ ਜਾਰੀ ਕਰ ਸਕਦੀ ਹੈ ਜੋ ਉਹ ਉਚਿਤ ਸਮਝਦੀ ਹੋਵੇ, ਪਰ ਸਰਕਾਰ ਅਜਿਹਾ ਹੁਕਮ ਤੱਦ ਤੱਕ ਜਾਰੀ ਨਹੀਂ ਕਰੇਗੀ ਜੋ ਕਿ ਪੰਚਾਇਤ ਲਈ ਹਾਨੀਕਾਰਕ ਹੋਵੇ ਜੱਦ ਤੱਕ ਕਿ ਉਸ ਨੂੰ ਸਪੱਸ਼ਟੀਕਰਨ ਦਾ ਮੌਕਾ ਨਹੀਂ ਦਿੱਤਾ ਜਾਂਦਾ।

## ਪੰਚਾਇਤਾਂ ਦੁਆਰਾ ਕਰਤੱਵਾਂ ਦੀ ਕੋਤਾਹੀ

## (ਧਾਰਾ 200)

(1)ਜਦੋਂ ਕੋਈ ਪੰਚਾਇਤ ਇਸ ਐਕਟ ਜਾਂ ਕਿਸੇ ਹੋਰ ਕਾਨੂੰਨ ਜੋ ਵਕਤੀ ਤੌਰ ਤੇ ਲਾਗੂ ਹੋਵੇ, ਦੇ ਅਧੀਨ ਉਸ ਨੂੰ ਸੌਂਪੇ ਨਿਆਇਕ ਕਾਰਜ ਤੋਂ ਇਲਾਵਾ ਕਿਸੇ ਹੋਰ ਕਰੱਤਵ ਨੂੰ ਨਿਭਾਉਣ ਵਿਚ ਕੋਤਾਹੀ ਕਰਦੀ ਹੈਤਾਂ :

1) ਪੰਚਾਇਤ ਦੇ ਕੇਸ ਵਿਚ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ

2) ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਕੇਸ ਵਿਚ ਡਾਇਰੈਕਟਰ ਲਿਖਤੀ ਹੁਕਮ ਰਾਹੀਂ ਕਰਤੱਵ ਦੀ ਪਾਲਣਾ ਲਈ ਸਮਾਂ ਨਿਰਧਾਰਿਤ ਕਰ ਸਕਦਾ ਹੈ ਤੇ ਜੇਕਰ ਉਹ ਡਿਊਟੀ ਨਿਰਧਾਰਿਤ ਸਮੇਂ ਅੰਦਰ ਅੰਦਰ ਨਹੀਂ ਨਿਭਾਈ ਜਾਂਦੀ ਤਾਂ ਉਹ ਡਿਊਟੀ ਨਿਭਾਉਣ ਲਈ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰ ਸਕਦਾ ਹੈ ਤੇ ਹਦਾਇਤ ਕਰ ਸਕਦਾ ਹੈ ਕਿ ਇਸ ਦੇ ਨਿਭਾਉਣ ਤੋਂ ਹੋਣ ਵਾਲੇ ਖਰਚਿਆਂ ਜਾਂ ਸੰਜੋਗੀ ਖਰਚਿਆਂ ਦੀ ਅਦਾਇਗੀ ਗਰਾਮ ਪੰਚਾਇਤ ਦੁਆਰਾ ਕੀਤੀ ਜਾਵੇਗੀ।

(2)ਜੇਕਰ ਡਾਇਰੈਕਟਰ ਦੇ ਵਿਚਾਰ ਵਿਚ ਕੋਈ ਪੰਚਾਇਤ ਆਪਣੀ ਚੱਲ ਜਾਂ ਅਚੱਲ ਸੰਪਤੀ ਦੇ ਸੰਬੰਧ ਵਿਚ ਕਾਰਜ ਕਰਨ ਵਿਚ ਅਸਫਲ ਰਹਿੰਦੀ ਹੈ ਜਾਂ ਹੋਵੇਗੀ, ਪੰਚਾਇਤ ਦੇ ਸ਼੍ਰੇਸ਼ਟ ਹਿੱਤਾਂ ਲਈ ਉਸ ਦਾ ਪ੍ਰਬੰਧ ਚਲਾਉਣ ਵਿਚ ਅਸਮਰੱਥ ਹੈ ਤਾਂ ਡਾਇਰੈਕਟਰ ਸਬੰਧਿਤ ਪੰਚਾਇਤ ਨੂੰ ਸੁਣਵਾਈ ਦਾ ਮੌਕਾ ਦੇਣ ਉਪਰੰਤ ਕਿਸੇ ਵਿਅਕਤੀ ਨੂੰ ਉਸ ਦੇ ਪ੍ਰਬੰਧ ਨੂੰ ਸੰਬੰਧਿਤ ਪੰਚਾਇਤ ਲਈ ਜਾਂ ਉਸ ਵਲੋਂ ਚਲਾਉਣ ਲਈ ਨਿਯੁਕਤ ਕਰ ਸਕਦੀ ਹੈ,

ਪਰ ਸ਼ਰਤ ਇਹ ਕਿ ਡਾਇਰੈਕਟਰ ਕਿਸੇ ਵੀ ਸਮੇਂ ਅਜਿਹੇ ਪ੍ਰਬੰਧ ਨੂੰ ਖਤਮ ਕਰ ਸਕਦਾ ਹੈ, ਜਿਸ ਉਪਰੰਤ ਸੰਪਤੀ ਦਾ ਪ੍ਰਬੰਧ ਮੁੜ ਸਬੰਧਿਤ ਪੰਚਾਇਤ ਕੋਲ ਮੁੜ ਚਲਾ ਜਾਵੇਗਾ।

(3)ਉਪਧਾਰਾ (2) ਅਧੀਨ ਨਿਯੁਕਤ ਕੋਈ ਵਿਅਕਤੀ, ਇਸ ਐਕਟ ਜਾਂ ਵਕਤੀ ਤੌਰ ਤੇ ਲਾਗੂ ਕਿਸੇ ਕਾਨੂੰਨ ਅਧੀਨ ਇਸ ਨੂੰ ਮਿਲੇ ਨਿਆਂਇਕ ਅਖਤਿਆਰਾਂ ਤੋਂ ਇਲਾਵਾ ਅਜਿਹੇ ਸਾਰੇ ਅਖਤਿਆਰਾਂ ਦੀ ਵਰਤੋਂ ਕਰੇਗਾ ਜੋ ਕਿ ਸੰਪਤੀ ਦੇ ਪ੍ਰਬੰਧਲਈ ਜਰੂਰੀ ਹੋਣ ਅਤੇ ਅਜਿਹਾ ਸੇਵਾ ਫਲ ਪ੍ਰਾਪਤ ਕਰਨ ਲਈ ਹੱਕਦਾਰ ਹੋਵੇਗਾ ਜਿਸਨੂੰ ਡਾਇਰੈਕਟਰ ਦੁਆਰਾ ਨਿਰਧਾਰਿਤ ਕੀਤਾ ਜਾ ਸਕਦਾ ਹੈ।

(4)ਉਪਧਾਰਾ (2) ਅਧੀਨ ਵਰਣਿਤ ਸੰਪਤੀ ਦੇ ਪ੍ਰਬੰਧ ਤੋਂ ਹੋਣ ਵਾਲੀ ਆਮਦਨ ਨੂੰ ਸੰਬੰਧਿਤ ਪੰਚਾਇਤ ਦੇ ਫੰਡ ਵਿਚ ਜਮ੍ਹਾਂ, ਕਰਵਾਇਆ ਜਾਵੇਗਾ ਅਤੇ ਅਜਿਹੀ ਸੰਪਤੀ ਦੇ ਪ੍ਰਬੰਧ ਲਈ ਹੋਣ ਵਾਲੇ ਸਾਰੇ ਖਰਚਿਆਂ ਜਿਹਨਾਂ ਵਿਚ ਉਹ ਸੇਵਾ ਫਲ ਵੀ ਸ਼ਾਮਿਲ ਹੋਵੇਗਾ ਜੋ ਉਪਧਾਰਾ (2) ਅਧੀਨ ਨਿਯੁਕਤ ਕੀਤੇ ਵਿਅਕਤੀ ਨੂੰ ਅਦਾਇਗੀ ਯੋਗ ਹੈ, ਦੀ ਪੂਰਤੀ ਸੰਬੰਧਿਤ ਫੰਡ ਵਿਚੋਂ ਕੀਤੀ ਜਾਵੇਗੀ।

(5)ਜੇਕਰ ਉਪਧਾਰਾ (1) ਅਧੀਨ ਵਰਣਿਤ ਖਰਚਿਆਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ :

1) ਗਰਾਮ ਪੰਚਾਇਤ ਦੇ ਕੇਸ ਵਿਚ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,

2) ਪੰਚਾਇਤ ਸੰਮਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਦੇ ਕੇਸ ਵਿਚ,

ਡਾਇਰੈਕਟਰ ਕੋਈ ਵੀ ਹੁਕਮ ਜਾਰੀ ਕਰ ਸਕਦਾ ਹੈ, ਜਿਸ ਰਾਹੀਂ ਉਸ ਵਿਅਕਤੀ ਜਿਸ ਕੋਲ ਸੰਬੰਧਿਤ ਪੰਚਾਇਤ ਦੇ ਫੰਡ ਹਨ, ਵਿਚੋਂ ਸਾਰੇ ਜਾਂ ਉਸ ਫੰਡ ਦੇ ਹਿੱਸੇ ਦੀ ਅਦਾਇਗੀ ਦਾ ਹੁਕਮ ਜਾਰੀ ਕਰ ਸਕਦਾ ਹੈ ਅਤੇ ਜੇਕਰ ਅਜਿਹਾ ਵਿਅਕਤੀ ਹੁਕਮ ਦੀ ਪਾਲਣਾ ਨਹੀਂ ਕਰਦਾ ਤਾਂ ਉਹ ਪੰਚਾਇਤ ਦੇ ਫੰਡ ਵਿਚੋਂ ਭੂਮੀ ਮਾਲੀਏ ਦੇ ਬਕਾਇਆ ਵਜੋਂ ਰਕਮ ਦੀ ਵਸੂਲੀ ਕਰ ਸਕਦਾ ਹੈ।

## ਪੰਚਾਇਤ ਅਤੇ ਪੰਚਾਇਤ ਸੰਮਤੀ ਮੈਂਬਰਾਂ ਦੀਆਂ ਜ਼ਿੰਮੇਵਾਰੀਆਂ

## (ਧਾਰਾ 216)

(1)ਪੰਚਾਇਤ ਦਾ ਹਰ ਮੈਂਬਰ, ਪੰਚਾਇਤ ਨਾਲ ਕਿਸੇ ਵੀ ਧਨਰਾਸ਼ੀ ਦੇ ਨੁਕਸਾਨ, ਬਰਬਾਦੀ ਲਈ ਜ਼ਿੰਮੇਵਾਰ ਹੋਵੇਗਾ, ਜੇਕਰ ਅਜਿਹਾ ਨੁਕਸਾਨ, ਬਰਬਾਦੀ ਜਾਂ ਦੁਰਵਰਤੋਂ ਉਸ ਦੀ ਅਣਗਹਿਲੀ ਨਾਲ ਹੋਈ ਹੋਵੇ, ਜਦੋਂ ਕਿ ਅਜਿਹਾ ਮੈਂਬਰ ਉਸ ਮਿਤੀ ਤੋਂ ਨਿਰਧਾਰਿਤ ਦਰ ਤੇ ਵਿਆਜ ਦੇਣ ਦਾ ਭਾਗੀ ਵੀ ਹੋਵੇ ਜਿਸ ਮਿਤੀ ਤੋਂ ਕਿ ਅਜਿਹਾ ਨੁਕਸਾਨ, ਬਰਬਾਦੀ ਜਾਂ ਦੁਰਵਰਤੋਂ ਹੋਈ ਹੋਵੇ, ਜੋ ਉਸ ਰਕਮ ਤੇ ਹੋਵੇਗਾ, ਜਿਸ ਦਾ ਨਿਰਧਾਰਣ ਉਪਧਾਰਾ (2) ਜਾਂ ਉਪਧਾਰਾ (3) ਜਿਵੇਂ ਵੀ ਹੋਵੇ, ਅਧੀਨ ਕੀਤਾ ਜਾਵੇਗਾ।

(2)ਸੰਬੰਧਿਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਗਰਾਮ ਪੰਚਾਇਤ ਦੁਆਰਾ ਬਿਨੈ ਪੱਤਰ ਦਿੱਤੇ ਜਾਣ ਤੇ ਜਾਂ ਹੋਰ ਸੰਬੰਧਿਤ ਮੈਂਬਰ ਨੂੰ ਸਪੱਸ਼ਟੀਕਰਨ ਦਾ ਮੌਕਾ ਦਿੱਤੇ ਜਾਣ ਤੇ ਲਿਖਤੀ ਹੁਕਮ ਰਾਹੀਂ ਅਜਿਹੀ ਰਕਮ ਦੇ ਨੁਕਸਾਨ, ਬਰਬਾਦੀ ਜਾਂ ਦੁਰਵਰਤੋਂ ਕਾਰਨ ਉਸ ਵੱਲ ਬਣਦੀ ਰਕਮ ਦਾ ਨਿਰਧਾਰਣ ਕਰੇਗਾ :

1) ਜਿੱਥੇ ਅਜਿਹਾ ਮੈਂਬਰ ਪੰਚਾਇਤ ਸੰਮਤੀ ਦਾ ਚੇਅਰਮੈਨ ਜਾਂ ਮੈਂਬਰ ਹੋਵੇ ਤਾਂ ਇਸ ਉਪਧਾਰਾ ਅਧੀਨ ਕਾਰਵਾਈ ਜ਼ਿਲ੍ਹਾਵਿਕਾਸ ਤੇ ਪੰਚਾਇਤ ਅਫਸਰ ਦੁਆਰਾ ਕੀਤੀ ਜਾਵੇਗੀ,

2) ਜਿਥੇ ਅਜਿਹਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ, ਵਾਈਸ ਚੇਅਰਮੈਨ ਮੈਂਬਰ ਹੋਣ ਤਾਂ ਇਸ ਉਪਧਾਰਾ ਅਧੀਨ ਕਾਰਵਾਈ ਡਿਪਟੀ ਡਾਇਰਕੈਟਰ ਦੁਆਰਾ ਕੀਤੀ ਜਾਵੇਗੀ।

(3)ਉਪਧਾਰਾ (2) ਅਧੀਨ ਜਾਰੀ ਹੁਕਮ ਅਧੀਨ ਪੀੜਤ ਕੋਈ ਵੀ ਵਿਅਕਤੀ ਅਜਿਹੇ ਹੁਕਮ ਦੀ ਮਿਤੀ ਤੋਂ ਤੀਹ ਦਿਨਾਂ ਦੇ ਸਮੇਂ ਦੇ ਅੰਦਰ-ਅੰਦਰ ਨਿਮਨ ਨੂੰ ਅਪੀਲ ਕਰ ਸਕਦਾ ਹੈ :

1) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਜੇਕਰ ਹੁਕਮ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਦੁਆਰਾ ਦਿੱਤਾ ਗਿਆ ਹੋਵੇ,

2) ਡਿਪਟੀ ਡਾਇਰੈਕਟਰ, ਜੇਕਰ ਹੁਕਮ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਦੁਆਰਾ ਦਿੱਤਾ ਗਿਆ ਹੋਵੇ,

3) ਡਾਇਰੈਕਟਰ, ਜੇਕਰ ਹੁਕਮ ਡਿਪਟੀ ਡਾਇਰੈਕਟਰ ਦੁਆਰਾ ਦਿੱਤਾ ਗਿਆ ਹੋਵੇ, ਅਤੇ ਅਪੀਲ ਦਾਇਰ ਕੀਤੇ ਜਾਣ ਤੇ ਅਪੀਲ ਅਧਿਕਾਰੀ ਅਜਿਹੇ ਹੁਕਮ ਦੇ ਲਾਗੂ ਹੋਣ ਨੂੰ ਅਜਿਹੀਆਂ ਸ਼ਰਤਾਂ ਤੇ ਲਾਗਤਾਂ, ਸ਼ਾਮਿਲ ਰਕਮ ਦੀਆਂ ਅਦਾਇਗੀਆਂ ਜਾਂ ਜਿਵੇਂ ਉਹ ਠੀਕ ਸਮਝੇ, ਨੂੰ ਮਨਸੂਕ ਕਰ ਸਕਦਾ ਹੈ ਅਤੇ ਅਪੀਲ ਦੇ ਸਿੱਟੇ ਵਜੋਂ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਡਿਪਟੀ ਡਾਇਰੈਕਟਰ, ਜਿਵੇਂ ਵੀ ਕੇਸ ਹੋਵੇ, ਦਾ ਫੈਸਲਾ ਅੰਤਿਮ ਹੋਵੇਗਾ।

(4)ਇਸ ਧਾਰਾ ਵਿਚ ਵਰਣਿਤ ਕਿਸੇ ਵੀ ਗੱਲ ਦੇ ਬਾਵਜੂਦ ਕਿਸੇ ਵੀ ਵਿਅਕਤੀ ਨੂੰ ਨੁਕਸਾਨ, ਬਰਬਾਦੀ ਜਾਂ ਦੁਰਵਰਤੋਂ ਹੋਣ ਦੀ ਮਿਤੀ ਤੋਂ ਚਾਰ ਸਾਲ ਲੰਘਣ ਜਾਂ ਜਦੋਂ ਉਹ ਮੈਂਬਰ ਨਹੀਂ ਰਹਿੰਦਾ ਤਾਂ ਉਸ ਤੋਂ ਬਾਅਦ ਦੋ ਸਾਲਾਂ ਦੇ ਸਮੇਂ ਦੇ ਖਤਮ ਹੋਣ ਉਪਰੰਤ, ਦੋਵਾਂ ਵਿਚੋਂ ਜੋ ਪਹਿਲੇ ਹੋਵੇ, ਉਸਨੂੰ ਨੁਕਸਾਨ ਪੂਰਤੀ ਲਈ ਨਹੀਂ ਕਿਹਾ ਜਾਵੇਗਾ।

(5)ਰਾਜ ਸਰਕਾਰ ਇਸ ਧਾਰਾ ਅਧੀਨ ਜਾਰੀ ਕਿਸੇ ਹੁਕਮ ਦੇ ਰਿਕਾਰਡ ਨੂੰ ਮੰਗਵਾ ਸਕਦੀ ਹੈ ਤੇ ਉਸ ਦੀ ਘੋਖ ਕਰ ਸਕਦੀ ਹੈ ਤਾਂ ਕਿ ਅਜਿਹੇ ਹੁਕਮ ਦੇ ਕਾਨੂੰਨੀਪਣ ਅਤੇ ਉਚਿਤਤਾ ਦੀ ਜਾਂਚ ਕਰ ਸਕੇ ਅਤੇ ਅਜਿਹੇ ਹੁਕਮ ਦੀ ਪੁਸ਼ਟੀ, ਸੰਸ਼ੋਧਨ ਜਾਂ ਉਹਨਾਂ ਨੂੰ ਰੱਦ ਕਰ ਸਕੇ,

ਪਰ ਸ਼ਰਤ ਇਹ ਹੈ ਕਿ ਰਾਜ ਸਰਕਾਰ ਦੁਆਰਾ ਕਿਸੇ ਵਿਅਕਤੀ ਵਿਰੁੱਧ ਕੋਈ ਪੱਖਪਾਤੀ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ ਜਦ ਤੱਕ ਕਿ ਹੁਕਮ ਜਾਰੀ ਨਹੀਂ ਕੀਤੀ ਜਾਵੇਗਾ ਜੱਦ ਤੱਕਕਿ ਉਸ ਵਿਕਅਤੀ ਨੂੰ ਪ੍ਰਸਤਾਵਿਤ ਹੁਕਮ ਵਿਰੁੱਧ ਕਾਰਨ ਦੱਸਣ ਦਾ ਕੋਈ ਵਾਜਿਬ ਮੌਕਾ ਨਾ ਦਿੱਤਾ ਜਾਵੇ।

(6)ਕਿਸੇ ਵੀ ਮੈਂਬਰ ਪਾਸੋਂ ਨਿਰਧਾਰਿਤ ਬਕਾਇਆ, ਰਕਮ ਉਸ ਦੀ ਮੌਤ ਹੋ ਜਾਣ ਦੀ ਸੂਰਤ ਵਿਚ ਉਸ ਦੇ ਕਾਨੂੰਨੀ ਵਾਰਸਾਂ ਪਾਸੋਂ ਅਜਿਹੇ ਮੈਂਬਰ ਪਾਸੋਂ ਵਿਰਾਸਤ ਵਿਚ ਲਈ ਸੰਪਤੀ ਦੀ ਕੀਮਤ ਦੀ ਹੱਦ ਤੱਕ ਵਸੂਲ ਕੀਤੀ ਜਾਵੇਗੀ।